Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 3 : # ਅੰਕ 271 14/01/2025 www.samajweekly.com samajweekly @samajweekly samajweekly

# ਕਿਸਾਨ ਧਿਰਾਂ ਦੀ ਮੀਟਿੰਗ ’ਚ ਏਕੇ ’ਤੇ ਜ਼ੋਰ

## ਸੁਖਾਵੇਂ ਮਾਹੌਲ ’ਚ ਗੱਲਬਾਤ ਹੋਣ ਦਾ ਦਾਅਵਾ, 18 ਨੂੰ ਮੁੜ ਮੀਟਿੰਗ ਸੱਦੀ

**ਪਟਿਆਲਾ/ਪਾਤੜਾਂ ।** ਕਿਸਾਨਾਂ ਦੀਆਂ ਮੰਗਾਂ ਮਨਵਾਉਣ ਲਈ ਕੇਂਦਰ ’ਤੇ ਦਬਾਅ ਪਾਉਣ ਵਾਸਤੇ ਸਾਂਝਾ ਅੰਦੋਲਨ ਚਲਾਉਣ ਦੇ ਇਰਾਦੇ ਨਾਲ ਅੱਜ ਸੰਯੁਕਤ ਕਿਸਾਨ ਮੋਰਚਾ (ਐੱਸਕੇਐੱਮ) ਦੇ ਆਗੂਆਂ ਨੇ ਪਾਤੜਾਂ ’ਚ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਵਫ਼ਦ ਨਾਲ ਮੀਟਿੰਗ ਕੀਤੀ। ਕਿਸਾਨ ਜਥੇਬੰਦੀਆਂ ’ਚ ਏਕੇ ’ਤੇ ਜ਼ੋਰ ਦਿੰਦਿਆਂ ਤਿੰਨੋਂ ਜਥੇਬੰਦੀਆਂ ਨੇ 18 ਜਨਵਰੀ ਨੂੰ ਮੁੜ ਮੀਟਿੰਗ ਕਰਨ ਦਾ ਫ਼ੈਸਲਾ ਲਿਆ ਹੈ। ਉਂਝ ਮੀਟਿੰਗ ਸੁਖਾਵੇਂ ਮਾਹੌਲ ’ਚ ਹੋਈ, ਜਿਸ ਦੌਰਾਨ ਵੱਖ ਵੱਖ ਪਹਿਲੂਆਂ ’ਤੇ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ਪਰ ਏਕਤਾ ’ਤੇ ਮੋਹਰ ਨਾ ਲੱਗੀ। ਮੀਟਿੰਗ ’ਚ ਐੱਸਕੇਐੱਮ ਦੀ ਛੇ ਮੈਂਬਰੀ ਤਾਲਮੇਲ ਕਮੇਟੀ ਦੇ ਜੋਗਿੰਦਰ ਸਿੰਘ ਉਗਰਾਹਾਂ, ਯੁੱਧਵੀਰ ਸਿੰਘ, ਬਲਬੀਰ ਸਿੰਘ ਰਾਜੇਵਾਲ, ਰਮਿੰਦਰ ਸਿੰਘ ਪਟਿਆਲਾ, ਡਾ. ਦਰਸ਼ਨਪਾਲ ਅਤੇ ਕ੍ਰਿਸ਼ਨ ਪ੍ਰਸਾਦ ਮੌਜੂਦ ਸਨ। ਉਨ੍ਹਾਂ ਨਾਲ ਮਨਜੀਤ ਧਨੇਰ ਅਤੇ ਝੰਡਾ ਸਿੰਘ ਜੇਠੂਕੇ ਵੀ ਹਾਜ਼ਰ ਸਨ। ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਕਾਕਾ ਸਿੰਘ ਕੋਟੜਾ, ਸਰਵਣ ਸਿੰਘ ਪੰਧੇਰ, ਇੰਦਰਜੀਤ ਸਿੰਘ ਕੋਟਬੁੱਢਾ, ਸੁਖਜੀਤ ਸਿੰਘ ਹਰਦੋਝੰਡੇ, ਸੁਰਜੀਤ ਫੂਲ, ਗੁਰਿੰਦਰ ਭੰਗੂ, ਜਸਵਿੰਦਰ ਲੌਂਗੋਵਾਲ, ਜਰਨੈਲ ਚਹਿਲ, ਲਖਵਿੰਦਰ ਔਲਖ, ਅਭਿਮੰਨਿਊ ਕੋਹਾੜ, ਮਨਜੀਤ ਰਾਏ ਅਤੇ ਅਮਰਜੀਤ ਮੋਹੜੀ ਮੀਟਿੰਗ ’ਚ ਮੌਜੂਦ ਸਨ। ਭਾਵੇਂ ਬੰਦ ਕਮਰਾ ਮੀਟਿੰਗ ਦੇ ਅਧਿਕਾਰਤ ਵੇਰਵੇ ਨਹੀਂ ਮਿਲੇ ਹਨ ਪਰ ਸੂਤਰਾਂ ਮੁਤਾਬਕ ਕਿਸੇ ਵੀ ਕਿਸਾਨ ਆਗੂ ਵੱਲੋਂ ਇੱਕ-ਦੂਜੇ ਖ਼ਿਲਾਫ਼ ਕੋਈ ਬਿਆਨਬਾਜ਼ੀ ਨਾ ਕਰਨ



ਲਈ ਤਿੰਨੋਂ ਧਿਰਾਂ ’ਚ ਸਹਿਮਤੀ ਬਣੀ ਹੈ। ਜਾਣਕਾਰੀ ਮੁਤਾਬਕ ਇਹ ਵੀ ਫ਼ੈਸਲਾ ਲਿਆ ਗਿਆ ਹੈ ਕਿ ਜੇ ਕਿਸੇ ਗੱਲ ’ਤੇ ਕੋਈ ਗਿਲਾ-ਸ਼ਿਕਵਾ ਹੁੰਦਾ ਹੈ ਤਾਂ ਮੀਡੀਆ ’ਚ ਜਾਣ ਦੀ ਬਜਾਏ ਆਪਸ ’ਚ ਮਿਲ-ਬੈਠ ਕੇ ਨਜਿੱਠਿਆ ਜਾਵੇਗਾ। ਇਸ ਫ਼ੈਸਲੇ ਨੂੰ ਕਿਸਾਨ ਧਿਰਾਂ ’ਚ ਏਕਤਾ ਵੱਲ ਵੱਧ ਰਹੇ ਕਦਮ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਸੂਤਰਾਂ ਮੁਤਾਬਕ ਅੰਦੋਲਨ ਸਬੰਧੀ ਸਾਰੀਆਂ 12 ਮੰਗਾਂ ਨਾਲ ਕਮੇਟੀ ਮੈਂਬਰ ਸਹਿਮਤ ਹੋਏ ਹਨ ਅਤੇ ਖੇਤੀ ਮੰਡੀ ਦੇ ਖਰੜੇ ਨੂੰ ਰੱਦ ਕਰਵਾਉਣ ਦੀ ਮੰਗ ਨੂੰ ਪ੍ਰਮੁੱਖਤਾ ਨਾਲ ਉਭਾਰਨ ’ਤੇ ਵੀ ਚਰਚਾ ਹੋਈ ਹੈ। ਇਸੇ ਤਰ੍ਹਾਂ ਬਿਜਲੀ ਨਿੱਜੀਕਰਨ ਅਤੇ ਜ਼ਮੀਨਾਂ ਐਕੁਆਇਰ ਕਰਨ ਸਬੰਧੀ ਮੰਗਾਂ ਵੀ ਸੂਚੀ ’ਚ ਸ਼ਾਮਲ ਕਰਨ ’ਤੇ ਵਿਚਾਰ ਵਟਾਂਦਰਾ ਹੋਇਆ।

ਪਤਾ ਲੱਗਾ ਹੈ ਕਿ ਗਣਤੰਤਰ ਦਿਵਸ ਮੌਕੇ ਦੇਸ਼ ਭਰ ’ਚ ਕੀਤੇ ਜਾਣ ਵਾਲੇ ਟਰੈਕਟਰ ਮਾਰਚ ਸਬੰਧੀ ਉਲੀਕੇ ਪ੍ਰੋਗਰਾਮਾਂ ਕਾਰਨ ਗੱਲਬਾਤ ਸਿਰੇ ਨਾ ਚੜ੍ਹ ਸਕੀ।

# ਮਥੁਰਾ ਸ਼ਾਹੀ ਈਦਗਾਹ ਵਿਵਾਦ: ਮਸਜਿਦ ਕਮੇਟੀ ਦੀ ਅਰਜ਼ੀ ’ਤੇ ਸੁਣਵਾਈ ਭਲਕੇ



**ਨਵੀਂ ਦਿੱਲੀ।** ਸੁਪਰੀਮ ਕੋਰਟ ਵੱਲੋਂ ਮਥੁਰਾ ’ਚ ਕ੍ਰਿਸ਼ਨ ਜਨਮਭੂਮੀ-ਸ਼ਾਹੀ ਈਦਗਾਹ ਵਿਵਾਦ ਮਾਮਲੇ ’ਤੇ ਮਸਜਿਦ ਪ੍ਰਬੰਧਕੀ ਕਮੇਟੀ ਦੀ ਅਪੀਲ ਉਪਰ 15 ਜਨਵਰੀ ਨੂੰ ਸੁਣਵਾਈ ਕੀਤੀ ਜਾਵੇਗੀ। ਅਲਾਹਾਬਾਦ ਹਾਈ ਕੋਰਟ ਦੇ ਸਿੰਗਲ ਜੱਜ ਬੈਂਚ ਨੇ ਪਿਛਲੇ ਸਾਲ ਪਹਿਲੀ ਅਗਸਤ ਨੂੰ ਸ਼ਾਹੀ ਮਸਜਿਦ ਈਦਗਾਹ ਟਰੱਸਟ ਦੀ ਅਰਜ਼ੀ ਰੱਦ ਕਰ ਦਿੱਤੀ ਸੀ। ਸੁਪਰੀਮ ਕੋਰਟ ਦੀ ਵੈੱਬਸਾਈਟ ਮੁਤਾਬਕ ਮਾਮਲੇ ’ਤੇ 15 ਜਨਵਰੀ ਨੂੰ ਚੀਫ਼ ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਸੰਜੇ ਕੁਮਾਰ ਦੇ ਬੈਂਚ ਵੱਲੋਂ ਸੁਣਵਾਈ ਕੀਤੀ ਜਾਵੇਗੀ ਜਿਸ ਨੇ ਪਿਛਲੇ ਸਾਲ 9 ਦਸੰਬਰ ਨੂੰ ਅੰਤਿਮ ਫ਼ੈਸਲੇ ਲਈ ਸੁਣਵਾਈ ਸ਼ੁਰੂ ਕੀਤੀ ਸੀ।

# ਤਾਮਿਲਨਾਡੂ ਦੇ ਸਕੂਲ ਵਿੱਚ ਦਲਿਤ ਬੱਚਿਆਂ ਤੋਂ ਕਰਵਾਈ ਪਖਾਨੇ ਦੀ ਸਫ਼ਾਈ, ਪ੍ਰਿੰਸੀਪਲ ਨੂੰ ਕੀਤਾ ਬਰਖ਼ਾਸਤ

**ਤਾਮਿਲਨਾਡ।** ਬੱਚੀਆਂ ਦੀ ਸਫ਼ਾਈ ਕਰਦੀਆਂ ਦੀ ਵੀਡੀਓ ਹੋ ਰਹੀ ਵਾਇਰਲ





ਤਾਮਿਲਨਾਡੂ ਦੇ ਪਾਲਕੋਡ ਦੇ ਇੱਕ ਸਕੂਲ ਤੋਂ ਇੱਕ ਵੀਡੀਓ ਸਾਹਮਣੇ ਆਇਆ ਹੈ, ਜਿਸ ਵਿੱਚ ਵਿਦਿਆਰਥਣਾਂ ਵਾਸ਼ਰੂਮ ਦੀ ਸਫ਼ਾਈ ਕਰਦੀਆਂ ਨਜ਼ਰ ਆ ਰਹੀਆਂ ਹਨ। ਵਾਇਰਲ ਹੋ ਰਹੀ ਵੀਡੀਓ ਵਿੱਚ ਸਕੂਲੀ ਵਰਦੀ ਵਿੱਚ ਵਿਦਿਆਰਥਣਾਂ ਝਾੜੂ ਮਾਰਦੀਆਂ ਨਜ਼ਰ ਆ ਰਹੀਆਂ ਹਨ।

ਦਾਅਵਾ ਕੀਤਾ ਜਾ ਰਿਹਾ ਹੈ ਕਿ ਸਾਰੇ ਵਿਦਿਆਰਥੀ ਦਲਿਤ ਭਾਈਚਾਰੇ ਨਾਲ ਸਬੰਧਤ ਹਨ। ਉਨ੍ਹਾਂ ਦੇ ਮਾਪਿਆਂ ਨੇ ਦੱਸਿਆ ਕਿ ਬੱਚਿਆਂ ਨੂੰ ਬਾਥਰੂਮ ਸਾਫ਼ ਕਰਨ ਤੋਂ ਇਲਾਵਾ ਉਨ੍ਹਾਂ ਤੋਂ ਪਾਣੀ ਭਰਵਾਉਣ ਅਤੇ ਕੈਂਪਸ ਦੀ ਸਫ਼ਾਈ ਵੀ ਕਰਵਾਈ ਜਾਂਦੀ ਹੈ। ਮਾਮਲਾ ਵਧਦੇ ਹੀ ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਸਕੂਲ ਪ੍ਰਿੰਸੀਪਲ ਨੂੰ ਬਰਖ਼ਾਸਤ ਕਰ ਦਿੱਤਾ। ਮੀਡੀਆ ਰਿਪੋਰਟਾਂ ਮੁਤਾਬਕ ਇਸ ਸਕੂਲ ਵਿੱਚ ਪਹਿਲੀ ਤੋਂ ਅੱਠਵੀਂ ਤੱਕ ਹੀ ਕਲਾਸਾਂ ਹਨ। ਸਕੂਲ ਵਿੱਚ ਦਲਿਤ ਭਾਈਚਾਰੇ ਦੇ ਕਰੀਬ 150 ਵਿਦਿਆਰਥੀ ਪੜ੍ਹਦੇ ਹਨ। ਉਨ੍ਹਾਂ ਦੇ ਮਾਪਿਆਂ ਨੇ ਦੱਸਿਆ ਕਿ ਬੱਚੇ ਅਕਸਰ ਸਕੂਲ ਵਿੱਚ ਸਫ਼ਾਈ ਦਾ ਕੰਮ ਕਰਕੇ ਥੱਕੇ-ਥੱਕੇ ਘਰ ਪਰਤਦੇ ਹਨ।

# ਦੋਰਾਹਾ ’ਚ ਕਿਸਾਨ ਜਥੇਬੰਦੀਆਂ ਨੇ ਕੇਂਦਰੀ ਖੇਤੀ ਮਾਰਕੀਟਿੰਗ ਖਰੜੇ ਦੀਆਂ ਕਾਪੀਆਂ ਸਾੜੀਆਂ

**ਦੋਰਾਹਾ।** ਸੰਯੁਕਤ ਕਿਸਾਨ ਮੋਰਚੇ ਅਤੇ ਸ਼ੰਭੂ ਤੇ ਖਨੌਰੀ ਬਾਰਡਰਾਂ ਉੱਤੇ ਡਟੀਆਂ ਕਿਸਾਨ ਜਥੇਬੰਦੀਆਂ ਦੇ ਸੱਦੇ ’ਤੇ ਸਮੂਹ ਕਿਸਾਨ ਜਥੇਬੰਦੀਆਂ ਵੱਲੋਂ ਕੇਂਦਰੀ ਖੇਤੀ ਮਾਰਕੀਟਿੰਗ ਖਰੜੇ ਦੀਆਂ ਕਾਪੀਆਂ ਇਥੋਂ ਦੇ ਤਹਿਸੀਲ ਕੰਪਲੈਕਸ ਵਿਖੇ ਫੂਕੀਆਂ ਗਈਆਂ। ਇਸ ਮੌਕੇ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਪ੍ਰਗਟ ਸਿੰਘ ਕੋਟ ਪਨੈਚ, ਅਮ੍ਰਿਤਪਾਲ ਸਿੰਘ ਰਾਜੇਵਾਲ, ਨਰਿੰਦਰ ਸਿੰਘ, ਬਲਜੀਤ ਸਿੰਘ, ਰਾਜਿੰਦਰ ਸਿੰਘ ਬੈਨੀਪਾਲ, ਰਜਿੰਦਰ ਸਿੰਘ ਚੀਮਾ, ਕਰਨੈਲ ਸਿੰਘ ਇਕੋਲਾਹਾ, ਅਵਤਾਰ ਸਿੰਘ ਭੱਟੀਆਂ ਨੇ ਦੱਸਿਆ ਕਿ ਇਹ ਨਵਾਂ ਖੇਤੀ ਖਰੜਾ ਰੱਦ ਕੀਤੇ ਤਿੰਨ ਪੁਰਾਣੇ ਖੇਤੀ ਕਾਨੂੰਨਾਂ ਦਾ ਦੁਹਰਾਅ ਹੈ ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਾਫ਼ੀ ਮੰਗ ਕੇ ਵਾਪਸ ਲਏ ਸਨ। ਉਨ੍ਹਾਂ ਕਿਹਾ ਕਿ ਇਸ ਨੀਤੀ ’ਤੇ ਚੱਲਦਿਆਂ ਕੇਂਦਰ ਸਰਕਾਰ ਜਨਤਕ ਵੰਡ ਪ੍ਰਣਾਲੀ ਦਾ ਗਲਾ



ਘੋਟਣਾ ਚਾਹੁੰਦੀ ਹੈ ਜਿਸ ਤਹਿਤ ਗਰੀਬ ਵਰਗ ਨੂੰ ਸਸਤਾ ਆਟਾ ਦਾਲ ਮਿਲਦਾ ਹੈ। ਇਸ ਦੀ ਠੋਸ ਉਦਾਹਰਣ ਮਹਾਰਾਸ਼ਟਰ ਹੈ ਜਿੱਥੇ ਸਰਕਾਰ ਨੇ 32 ਲੱਖ ਰਾਸ਼ਨ ਕਾਰਡ ਡਾਇਰੈਕਟ ਲਾਭ ਟਰਾਂਸਫਰ ਸਕੀਮ ਤਹਿਤ ਬੈਂਕ ਖਾਤਿਆਂ ਨਾਲ ਜੋੜ ਕੇ ਰਾਸ਼ਨ ਦੇਣਾ ਬੰਦ ਕਰ ਦਿੱਤਾ ਹੈ। ਮੋਦੀ ਸਰਕਾਰ ਇਹ ਕਾਨੂੰਨ ਸੂਬਾ ਸਰਕਾਰਾਂ ਤੋਂ ਲਾਗੂ ਕਰਵਾ ਕੇ ਕਾਰਪੋਰੇਟ ਦੇ ਹੱਕ ਵਿਚ ਭੁਗਤਣਾ ਚਾਹੁੰਦੀ ਹੈ, ਪਰ ਭਾਰਤ ਦੇ ਲੋਕ ਸਰਕਾਰ ਦੇ ਇਨ੍ਹਾਂ ਵਿਰੋਧੀ ਮਨਸੂਬਿਆਂ ਨੂੰ ਕਾਮਯਾਬ ਨਹੀਂ ਹੋਣ ਦੇਣਗੇ। ਇਸ ਮੌਕੇ ਰਣਜੀਤ ਸਿੰਘ ਹੈਪੀ, ਸੁਦਾਗਰ ਸਿੰਘ, ਬਲਵੰਤ ਸਿੰਘ, ਲਖਵੀਰ ਸਿੰਘ, ਮਲਕੀਅਤ ਸਿੰਘ, ਪਰਮਜੀਤ ਸਿੰਘ, ਗੁਰਦੀਪ ਸਿੰਘ, ਗੁਰਮੇਲ ਸਿੰਘ, ਅਮਰ ਸਿੰਘ ਭੱਟੀਆਂ, ਦਿਲਪ੍ਰੀਤ ਸਿੰਘ, ਜਸਵਿੰਦਰ ਸਿੰਘ, ਨਿਰਮਲ ਸਿੰਘ ਬੈਨੀਪਾਲ, ਦਲਜੀਤ ਸਿੰਘ, ਦਰਸ਼ਨ ਸਿੰਘ, ਗੁਰਮੀਤ ਸਿੰਘ, ਇੰਦਰਜੀਤ ਸਿੰਘ, ਸੁਖਦੇਵ ਸਿੰਘ, ਸੁਖਵਿੰਦਰ ਸਿੰਘ, ਸੁਖਵੰਤ ਸਿੰਘ ਟਿੱਲੂ, ਗੁਰਸੇਵਕ ਸਿੰਘ, ਸਰਬਜੋਤ ਸਿੰਘ, ਕੇਹਰ ਸਿੰਘ, ਗੁਰਜੰਟ ਸਿੰਘ, ਘੋਲਾ ਸਿੰਘ, ਹਰਪ੍ਰੀਤ ਸਿੰਘ, ਬੇਅੰਤ ਸਿੰਘ, ਬਹਾਦਰ ਸਿੰਘ, ਬਲਜਿੰਦਰ ਸਿੰਘ, ਬਹਾਲ ਸਿੰਘ, ਕੁਲਦੀਪ ਸਿੰਘ ਆਦਿ ਹਾਜ਼ਰ ਸਨ।

## ਸੋਨੇ ਦੀਆਂ ਕੀਮਤਾਂ ’ਚ ਲਗਾਤਾਰ ਪੰਜਵੇਂ ਦਿਨ ਤੇਜ਼ੀ, ਚਾਂਦੀ ਸਥਿਰ



**ਨਵੀਂ ਦਿੱਲੀ।** ਦਿੱਲੀ ਸਰਾਫਾ ਬਾਜ਼ਾਰ ’ਚ ਸੋਮਵਾਰ ਨੂੰ ਸੋਨੇ ਦੀ ਕੀਮਤ 110 ਰੁਪਏ ਦੀ ਤੇਜ਼ੀ ਨਾਲ 80,660 ਰੁਪਏ ਪ੍ਰਤੀ 10 ਗ੍ਰਾਮ ’ਤੇ ਪਹੁੰਚ ਗਈ। ਆਲ ਇੰਡੀਆ ਸਰਾਫਾ ਐਸੋਸੀਏਸ਼ਨ ਨੇ ਇਹ ਜਾਣਕਾਰੀ ਦਿਤੀ ਹੈ। ਪਿਛਲੇ ਕਾਰੋਬਾਰੀ ਸੈਸ਼ਨ ’ਚ ਸੋਨਾ 80,550 ਰੁਪਏ ਪ੍ਰਤੀ 10 ਗ੍ਰਾਮ ’ਤੇ ਬੰਦ ਹੋਇਆ ਸੀ। ਪਿਛਲੇ ਪੰਜ ਕਾਰੋਬਾਰੀ ਸੈਸ਼ਨਾਂ ’ਚ ਸੋਨੇ ਦੀ ਕੀਮਤ 1,660 ਰੁਪਏ ਦੀ ਤੇਜ਼ੀ ਨਾਲ 80,660 ਰੁਪਏ ਪ੍ਰਤੀ 10 ਗ੍ਰਾਮ ’ਤੇ ਪਹੁੰਚ ਗਈ ਹੈ। 99.5 ਫੀ ਸਦੀ ਸ਼ੁੱਧਤਾ ਵਾਲਾ ਸੋਨਾ 110 ਰੁਪਏ ਦੀ ਤੇਜ਼ੀ ਨਾਲ 80,260 ਰੁਪਏ ਪ੍ਰਤੀ 10 ਗ੍ਰਾਮ ’ਤੇ ਪਹੁੰਚ ਗਿਆ। ਐਲ.ਕੇ.ਪੀ. ਸਕਿਓਰਿਟੀਜ਼ ਦੇ ਵਾਈਸ ਪ੍ਰੈਜ਼ੀਡੈਂਟ ਰੀਸਰਚ ਐਨਾਲਿਸਟ (ਕਮੋਡਿਟੀਜ਼ ਐਂਡ ਕਰੰਸੀ) ਜਤਿਨ ਤ੍ਰਿਵੇਦੀ ਨੇ ਕਿਹਾ ਕਿ ਰੁਪਏ ਦੀ ਕੀਮਤ ’ਚ ਗਿਰਾਵਟ ਕਾਰਨ ਸੋਨੇ ਦੀਆਂ ਕੀਮਤਾਂ ਵਧੀਆਂ ਹਨ। ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਵਲੋਂ ਰੂਸ ’ਤੇ ਲਗਾਈਆਂ ਗਈਆਂ ਨਵੀਆਂ ਪਾਬੰਦੀਆਂ ਕਾਰਨ ਕੱਚੇ ਤੇਲ ਦੀਆਂ ਕੀਮਤਾਂ ’ਚ ਤੇਜ਼ੀ ਆਈ ਹੈ, ਜਿਸ ਨਾਲ ਭੂ-ਸਿਆਸੀ ਤਣਾਅ ਵਧ ਗਿਆ ਹੈ। ਤ੍ਰਿਵੇਦੀ ਨੇ ਕਿਹਾ ਕਿ ਰੁਪਏ ’ਚ ਗਿਰਾਵਟ ਨਾਲ ਘਰੇਲੂ ਬਾਜ਼ਾਰ ’ਚ ਸੋਨੇ ਦੀਆਂ ਕੀਮਤਾਂ ਨੂੰ ਸਮਰਥਨ ਮਿਲਿਆ, ਜਿਸ ਨਾਲ ਗਲੋਬਲ ਸੰਕੇਤਾਂ ’ਤੇ ਅਸਰ ਪਿਆ। ਹਾਲਾਂਕਿ, ਚਾਂਦੀ ਸੋਮਵਾਰ ਨੂੰ ਲਗਾਤਾਰ ਦੂਜੇ ਸੈਸ਼ਨ ’ਚ 93,000 ਰੁਪਏ ਪ੍ਰਤੀ ਕਿਲੋਗ੍ਰਾਮ ’ਤੇ ਸਥਿਰ ਰਹੀ। ਕੌਮਾਂਤਰੀ ਬਾਜ਼ਾਰਾਂ ’ਚ ਕਾਮੈਕਸ ਸੋਨਾ ਵਾਇਦਾ 10.70 ਡਾਲਰ ਪ੍ਰਤੀ ਔਂਸ ਦੀ ਗਿਰਾਵਟ ਨਾਲ 2,704.30 ਡਾਲਰ ਪ੍ਰਤੀ ਔਂਸ ’ਤੇ ਆ ਗਿਆ। ਐਚ.ਡੀ.ਐਫ.ਸੀ. ਸਕਿਓਰਿਟੀਜ਼ ਦੇ ਸੀਨੀਅਰ ਵਿਸ਼ਲੇਸ਼ਕ (ਕਮੋਡਿਟੀਜ਼) ਸੌਮਿਲ ਗਾਂਧੀ ਨੇ ਕਿਹਾ ਕਿ ਪਿਛਲੇ ਹਫਤੇ ਸੋਨੇ ਦੀਆਂ ਕੀਮਤਾਂ 1.95 ਫੀ ਸਦੀ ਵਧਣ ਤੋਂ ਬਾਅਦ ਸਥਿਰ ਰਹੀਆਂ। ਮਹਿੰਗਾਈ ਦੇ ਡਰ ਕਾਰਨ ਕੀਮਤਾਂ ’ਚ ਵਾਧਾ ਹੋਇਆ ਹੈ। ਏਸ਼ੀਆ ’ਚ ਕਾਮੈਕਸ ਚਾਂਦੀ ਦਾ ਵਾਅਦਾ 1.4 ਫੀ ਸਦੀ ਡਿੱਗ ਕੇ 30.88 ਡਾਲਰ ਪ੍ਰਤੀ ਔਂਸ ’ਤੇ ਆ ਗਿਆ।

## ਕਸੌਲ ਦੇ ਹੋਟਲ ’ਚ ਲੜਕੀ ਦੀ ਲਾਸ਼ ਛੱਡ ਕੇ ਬਠਿੰਡਾ ਦੇ ਨੌਜਵਾਨ ਫਰਾਰ



**ਕੁੱਲੂ।** ਹਿਮਾਚਲ ਪੁਲੀਸ ਨੇ ਦੋ ਨੌਜਵਾਨਾਂ ਖ਼ਿਲਾਫ਼ ਕਤਲ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਮੁਲਜ਼ਮ ਕੁੱਲੂ ਦੇ ਕਸੌਲ ਦੇ ਇੱਕ ਹੋਟਲ ਵਿੱਚ ਸ਼ਨਿੱਚਰਵਾਰ ਦੇਰ ਰਾਤ ਇੱਕ 23 ਸਾਲਾ ਲੜਕੀ ਦੀ ਲਾਸ਼ ਛੱਡ ਕੇ ਫਰਾਰ ਹੋ ਗਏ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਦੇ ਜ਼ਿਲ੍ਹਾ ਬਠਿੰਡਾ ਦਾ ਵਸਨੀਕ ਅਕਾਸ਼ਦੀਪ ਸਿੰਘ ਆਪਣੇ ਦੋਸਤ ਅਤੇ ਇੱਕ ਲੜਕੀ ਨਾਲ 10 ਜਨਵਰੀ ਤੋਂ ਹੋਟਲ ਵਿੱਚ ਰੁਕਿਆ ਹੋਇਆ ਸੀ। ਹੋਟਲ ਦੀ ਇੱਕ ਮਹਿਲਾ ਕਰਮੀ ਅਤੇ ਦੋ ਸਟਾਫ ਮੈਂਬਰਾਂ ਨੇ ਰਾਤ 12:30 ਵਜੇ ਦੇ ਕਰੀਬ ਦੋਵੇਂ ਨੌਜਵਾਨਾਂ ਨੂੰ ਪੌੜੀਆਂ ਰਾਹੀਂ ਥੱਲੇ ਆਉਂਦੇ ਦੇਖਿਆ। ਦੋਵਾਂ ਨੌਜਵਾਨਾਂ ਵਿੱਚੋਂ ਇੱਕ ਨੇ ਲੜਕੀ ਨੂੰ ਸਿਰ ਤੋਂ ਅਤੇ ਦੂਜੇ ਨੇ ਪੈਰਾਂ ਤੋਂ ਚੁੱਕਿਆ ਹੋਇਆ ਸੀ। ਹੋਟਲ ਸਟਾਫ ਨੇ ਮਾਮਲਾ ਸ਼ੱਕੀ ਜਾਪਣ ’ਤੇ ਉਨ੍ਹਾਂ ਤੋਂ ਲੜਕੀ ਬਾਰੇ ਪੁੱਛ ਪੜਤਾਲ ਕੀਤੀ। ਨੌਜਵਾਨਾਂ ਨੇ ਦਾਅਵਾ ਕੀਤਾ ਕਿ ਲੜਕੀ ਵੱਧ ਸ਼ਰਾਬ ਪੀਣ ਕਾਰਨ ਬਾਥਰੂਮ ’ਚ ਡਿੱਗ ਗਈ ਸੀ ਅਤੇ ਬੇਹੋਸ਼ ਹੋ ਗਈ ਹੈ ਅਤੇ ਉਹ ਉਸ ਨੂੰ ਹਸਪਤਾਲ ਲਿਜਾ ਰਹੇ ਹਨ। ਨੌਜਵਾਨਾਂ ਨੇ ਹੋਟਲ ਸਟਾਫ ਤੋਂ ਹਸਪਤਾਲ ਦਾ ਰਾਹ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਉਹ ਹੋਟਲ ਮੈਨੇਜਰ ਨਾਲ ਗੱਲ ਕਰਕੇ ਸਟਾਫ ਨੂੰ ਉਨ੍ਹਾਂ ਦੇ ਨਾਲ ਹਸਪਤਾਲ ਭੇਜਣਗੇ। ਇਹ ਸੁਣਦਿਆਂ ਹੀ ਨੌਜਵਾਨ ਲੜਕੀ ਦੀ ਲਾਸ਼ ਫਰਸ਼ ’ਤੇ ਰੱਖ ਕੇ ਆਪਣੀ ਸਕਾਰਪੀਓ ਗੱਡੀ ਵਿੱਚ ਫਰਾਰ ਹੋ ਗਏ। ਜਦੋਂ ਹੋਟਲ ਸਟਾਫ ਨੇ ਲੜਕੀ ਦੀ ਜਾਂਚ ਪੜਤਾਲ ਕੀਤੀ ਤਾਂ ਉਸ ਦਾ ਸਰੀਰ ਠੰਢਾ ਪੈ ਚੁੱਕਿਆ ਸੀ। ਪੁਲੀਸ ਨੂੰ ਮੌਕੇ ’ਤੇ ਸੱਦ ਕੇ ਲੜਕੀ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦਿੱਤਾ। ਲੜਕੀ ਦੇ ਮੂੰਹ ਵਿੱਚੋਂ ਝੱਗ ਨਿਕਲ ਰਹੀ ਸੀ। ਕੁੱਲੂ ਦੇ ਏਐੱਸਪੀ ਸੰਜੀਵ ਚੌਹਾਨ ਨੇ ਦੱਸਿਆ ਕਿ ਸਟਾਫ ਦੇ ਬਿਆਨ ਦਰਜ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪੁਲੀਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਮੁਲਜ਼ਮਾਂ ਨੂੰ ਫੜਨ ਲਈ ਵੱਖ-ਵੱਖ ਥਾਵਾਂ ’ਤੇ ਨਾਕੇਬੰਦੀਆਂ ਕਰ ਦਿੱਤੀ ਗਈ ਹੈ। ਪੁਲੀਸ ਮ੍ਰਿਤਕ ਲੜਕੀ ਦੇ ਪਿਛੋਕੜ ਦਾ ਪਤਾ ਲਗਾਉਣ ਦੀ ਵੀ ਕੋਸ਼ਿਸ਼ ਕਰ ਰਹੀ ਹੈ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਪੰਜਾਬ ’ਚ 27 ਤੱਕ ਸਾਰੇ ਪੁਲੀਸ ਮੁਲਾਜ਼ਮਾਂ ਦੀਆਂ ਛੁੱਟੀਆਂ ਰੱਦ



**ਚੰਡੀਗੜ੍ਹ।** ਗਣਤੰਤਰ ਦਿਵਸ ਦੇ ਮੱਦੇਨਜ਼ਰ 27 ਜਨਵਰੀ ਤੱਕ ਸੂਬੇ ਦੇ ਸਾਰੇ ਪੁਲੀਸ ਮੁਲਾਜ਼ਮਾਂ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਗਈਆਂ ਹਨ। ਇਹ ਹੁਕਮ ਅੱਜ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਜਾਰੀ ਕੀਤੇ ਹਨ। ਡੀਜੀਪੀ ਵੱਲੋਂ ਜਾਰੀ ਹੁਕਮਾਂ ਅਨੁਸਾਰ 27 ਜਨਵਰੀ ਤੱਕ ਪੰਜਾਬ ਵਿੱਚ ਕਿਸੇ ਵੀ ਪੁਲੀਸ ਮੁਲਾਜ਼ਮ ਦੀ ਛੁੱਟੀ ਮਨਜ਼ੂਰ ਨਹੀਂ ਕੀਤੀ ਜਾਵੇਗੀ। ਇਸ ਗੱਲ ਦੀ ਪੁਸ਼ਟੀ ਪੰਜਾਬ ਪੁਲੀਸ ਦੇ ਆਈਜੀ ਹੈੱਡਕੁਆਰਟਰ ਡਾ. ਸੁਖਚੈਨ ਸਿੰਘ ਗਿੱਲ ਨੇ ਕੀਤੀ ਹੈ।ਸ੍ਰੀ ਗਿੱਲ ਨੇ ਕਿਹਾ ਕਿ 26 ਜਨਵਰੀ ਨੂੰ ਗਣਤੰਤਰ ਦਿਵਸ ਦੀ ਆਮਦ ’ਤੇ ਸੁਰੱਖਿਆ ਪ੍ਰਬੰਧਾਂ ਨੂੰ ਪੁਖਤਾ ਰੱਖਣ ਲਈ ਇਹ ਆਦੇਸ਼ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ 27 ਜਨਵਰੀ ਤੱਕ ਸੂਬੇ ’ਚ ਕਿਸੇ ਵੀ ਪੁਲੀਸ ਮੁਲਾਜ਼ਮ ਨੂੰ ਛੁੱਟੀ ਨਹੀਂ ਦਿੱਤੀ ਜਾਵੇਗੀ, ਜੇਕਰ ਪਹਿਲਾਂ ਕਿਸੇ ਦੀ ਛੁੱਟੀ ਮਨਜ਼ੂਰ ਕੀਤੀ ਗਈ ਹੈ ਤਾਂ ਉਹ ਵੀ ਰੱਦ ਕਰ ਦਿੱਤੀ ਜਾਵੇਗੀ। ਸ੍ਰੀ ਗਿੱਲ ਨੇ ਕਿਹਾ ਕਿ ਪੰਜਾਬ ਪੁਲੀਸ ਵੱਲੋਂ ਲੋਕਾਂ ਦੀ ਸੁਰੱਖਿਆ ਲਈ 24 ਘੰਟੇ ਸੂਬੇ ਭਰ ਵਿੱਚ ਮੁਸਤੈਦ ਰਹੇਗੀ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜ਼ੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪੰਜਾਬ ’ਚ ਸਿਹਤ ਸਹੂਲਤਾਂ ਦਾ ਹੋਇਆ ਕਾਇਆਕਲਪ, ਸਰਕਾਰੀ ਹਸਪਤਾਲ ਬਣ ਰਹੇ ਨੇ ਪ੍ਰਾਈਵੇਟ ਹਸਪਤਾਲਾਂ ਦਾ ਵਿਕਲਪ

**ਚੰਡੀਗੜ੍ਹ** । ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ’ਚ ਪੰਜਾਬ ਸਰਕਾਰ ਵਲੋਂ ਪੰਜਾਬ ’ਚ ਪਹਿਲੇ, ਦੂਜੇ ਅਤੇ ਤੀਜੇ ਦਰਜੇ ਦੀਆਂ ਸਿਹਤ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਵੱਖ-ਵੱਖ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ ਜਿਸ ਦੇ ਬੜੇ ਸਾਰਥਿਕ ਨਤੀਜੇ ਸਾਹ-ਮਣੇ ਆ ਰਹੇ ਹਨ। ਸੂਬੇ ਦੇ ਸਰਕਾਰੀ ਹਸਪਤਾਲਾਂ ਨੂੰ ਹਰ ਲਿਹਾਜ਼ ਤੋਂ ਬੇਹਤਰੀਨ ਸਿਹਤ ਸੁਵਿਧਾਵਾਂ ਮੁਹਈਆ ਕਰਵਾ ਕੇ ਨਿੱਜੀ ਹਸਪਤਾਲਾਂ ਨਾਲੋਂ ਵੀ ਬਿਹਤਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਿਹਤ ਸਹੂਲਤਾਂ ਨੂੰ ਲੈ ਕੇ ਸਰਕਾਰ ਦੀ ਵੱਡੀ ਯੋਜਨਾ ਅਧੀਨ ਮਰੀਜ਼ਾਂ ਦੀ ਸਹੂਲਤ ਲਈ ਪੰਜਾਬ ਦੇ ਸਰਕਾਰੀ ਹਸਪਤਾਲਾਂ ਦੇ ਵਿੱਚ ਐਮਰਜੈਂਸੀ ਵਾਰਡਾਂ ਦਾ ਕਾਇਆਕਲਪ ਕੀਤਾ ਜਾਵੇਗਾ। ਐਮਰਜੈਂਸੀ ਵਾਰਡਾਂ ’ਚ ਭੀੜ ਨੂੰ ਕੰਟਰੋਲ ਕਰਨ ਦੇ ਲਈ ਹਰ ਐਮਰਜੈਂਸੀ ਵਾਰਡ ’ਚ ਸਹੂਲਤ ਕੇਂਦਰ ਸਥਾਪਤ ਕੀਤੇ ਜਾਣਗੇ ਜਿਸ ਤਹਿਤ ਰੋਗੀ ਨੂੰ ਸਿਰਫ਼ ਇਕ ਰਿਸ਼ਤੇਦਾਰ ਸਹਾਇਕ ਦੇ ਰੂਪ ਵਿਚ ਐਮਰਜੈਂਸੀ ਵਾਰਡ ’ਚ ਦਾਖ਼ਲ ਹੋ ਸਕੇਗਾ, ਜਦਕਿ ਮੈਡੀਕਲ ਅਤੇ ਪੈਰਾਮੈਡੀਕਲ ਸਟਾਫ ਮਰੀਜ਼ ਦੀ ਸਹਾਇਤਾ ’ਚ ਤੈਨਾਤ ਕੀਤੇ ਜਾਣਗੇ। ਇਹੀ ਨਹੀਂ ਪੰਜਾਬ ਸਰਕਾਰ ਸੂਬੇ ਦੇ ਚਾਰ ਹੋਰ ਜ਼ਿਲ੍ਹਿਆਂ ਦੇ ’ਚ ਨਵੇਂ ਸਰਕਾਰੀ ਮੈਡੀਕਲ ਕਾਲਜ ਬਣਾਵੇਗੀ ਜਿਸ ਦਾ ਨਿਰਮਾਣ ਅਗਲੇ ਛੇ ਮਹੀਨੇ ਦੇ ’ਚ ਸ਼ੁਰੂ ਹੋ ਜਾਵੇਗਾ। ਹੁਸ਼ਿਆਰਪੁਰ, ਕਪੂਰਥਲਾ, ਸੰਗਰੂਰ ਅਤੇ ਮਲੇਰਕੋਟਲਾ ’ਚ ਇਹ ਨਵੇਂ ਸਰਕਾਰੀ ਮੈਡੀਕਲ ਕਾਲਜਾਂ ਦਾ ਨਿਰਮਾਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਰਹੀ ਹੈ। ਇਹ ਸੂਬਾ ਸਰਕਾਰ ਦੀਆਂ ਕੋਸ਼ਿਸ਼ਾਂ ਸਦਕਾ ਹੀ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਵੀ ਪੰਜਾਬ ’ਚ ਡੇਂਗੂ ਦੇ ਮਾਮਲਿਆਂ ਚ ਕਮੀ ਆਈ ਹੈ ਕਿਉਂਕਿ ਸਿਹਤ ਵਿਭਾਗ ਇਸ



ਸਬੰਧ ’ਚ ਲਗਾਤਾਰ ਸਾਵਧਾਨੀ ਵਰਤ ਰਿਹਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਸ਼ੁਰੂ ਕੀਤੀ ਗਈ ਡੇਂਗੂ ਵਿਰੋਧੀ ਮੁਹਿੰਮ ‘ਹਰ ਸ਼ੁਕਰਵਾਰ, ਡੇਂਗੂ ’ਤੇ ਵਾਰ’ ਸਫ਼ਲਤਾਪੂਰਵਕ ਚੱਲ ਰਹੀ ਹੈ ਅਤੇ ਸਾਲ 2024 ਵਿਚ ਡੇਂਗੂ ਦੇ ਕੇਸਾਂ ’ਚ ਪਿਛਲੇ ਸਾਲ ਦੇ ਮੁਕਾਬਲੇ ਲਗਭਗ 55 ਫੀ ਸਦੀ ਦੀ ਕਮੀ ਦਰਜ ਕੀਤੀ ਗਈ ਹੈ ਅਤੇ ਡੇਂਗੂ ਕਾਰਨ ਹੋਣ ਵਾਲੀਆਂ ਮੌਤਾਂ ’ਚ 70 ਫੀ ਸਦੀ ਦੀ ਕਮੀ ਆਈ ਹੈ।

ਇਸ ਤੋਂ ਇਲਾਵਾ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਵਲੋਂ ਸੂਬੇ ਨੂੰ ਟੀ.ਬੀ. ਦੀ ਭਿਆਨਕ ਬਿਮਾਰੀ ਤੋਂ ਮੁਕਤ ਕਰਨ ਲਈ 100 ਦਿਨਾਂ ਦੀ ਜਾਗਰੂਕਤਾ ਮੁਹਿੰਮ ਚਲਾਇਆ ਗਈ ਹੈ, ਜਿਸ ਦੇ ਮੱਦੇਨਜਰ ਟੀਮਾਂ ਨੂੰ ਰਵਾਨਾ ਕੀਤਾ ਗਿਆ ਹੈ। ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਥਾਨਾਂ ’ਤੇ ਟੀ.ਬੀ. ਦੇ ਲੱਛਣ ਪਾਏ ਜਾ ਰਹੇ ਹਨ, ਉਥੇ ਲੋਕਾਂ ਨੂੰ ਇਸ ਬਿਮਾਰੀ ਪ੍ਰਤੀ ਜਾਗਰੂਕ ਕੀਤਾ ਜਾਵੇਗਾ। ਜੇਕਰ ਕਿਸੇ ਵਿਅਕਤੀ ਨੂੰ 2 ਹਫ਼ਤੇ ਤੋਂ ਜ਼ਿਆਦਾ ਖਾਂਸੀ ਹੈ ਤਾਂ ਉਹ ਬਲ਼ਗਮ ਦੀ ਜਾਂਚ ਜ਼ਰੂਰ ਕਰਵਾਉਣ ਅਤੇ ਇਸ ਬਿਮਾਰੀ ਦੇ ਸਬੰਧ ਵਿੱਚ ਜਾਣਕਾਰੀ ਲੈਣ ਲਈ ਸਿਹਤ ਵਿਭਾਗ ਦੀਆਂ ਟੀਮਾਂ ਨਾਲ ਸੰਪਰਕ ਕਰਨ, ਤਾਕਿ ਇਲਾਕੇ ਨੂੰ ਟੀ.ਬੀ. ਮੁਕਤ ਕੀਤਾ ਜਾਵੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਸੂਬੇ ’ਚ ਪ੍ਰਾਇਮਰੀ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਅਤੇ ਇਸ ਦੇ ਕਾਇਆ ਕਲਪ ਕਰਨ ਲਈ ਸ਼ੁਰੂ ਕੀਤੇ ਸੁਪਨਮਈ ਪ੍ਰਾਜੈਕਟ ‘ਆਮ ਆਦਮੀ ਕਲੀਨਿਕ’ ਨੂੰ ਵੀ ਵੱਡੀ ਸਫਲਤਾ ਹਾਸਲ ਹੋਈ ਹੈ। ਇਨ੍ਹਾਂ ਕਲੀਨਿਕਾਂ ਤੋਂ ਹੁਣ ਤਕ 2.58 ਕਰੋੜ (1.08 ਕਰੋੜ ਪਹਿਲੀ ਵਾਰ ਆਉਣ ਵਾਲੇ ਮਰੀਜ਼/1.5 ਕਰੋੜ ਦੁਬਾਰਾ ਦਵਾਈ ਲੈਣ ਵਾਲੇ ਮਰੀਜ਼) ਲੋਕਾਂ ਨੇ ਮੁਫ਼ਤ ਇਲਾਜ ਦੀ ਸਹੂਲਤ ਦਾ ਲਾਭ ਲਿਆ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 75ਵੇਂ ਸੁਤੰਰਤਤਾ ਦਿਵਸ ਮੌਕੇ 75 ਆਮ ਆਦਮੀ ਕਲੀਨਿਕ ਸੂਬੇ ਦੇ ਲੋਕਾਂ ਨੂੰ ਸਮਰਪਿਤ ਕੀਤੇ ਸਨ, ਜਿਸ ਨਾਲ ਇਹਨਾਂ ਕਲੀਨਿਕਾਂ ਦੀ ਕੁੱਲ ਗਿਣਤੀ ਹੁਣ 881 ਹੋ ਗਈ ਹੈ। ਇਨ੍ਹਾਂ 881 ਆਮ ਆਦਮੀ ਕਲੀਨਿਕ ਵਿੱਚੋਂ 316 ਸ਼ਹਿਰੀ ਖੇਤਰਾਂ ਵਿੱਚ ਜਦਕਿ 565 ਕਲੀਨਿਕ ਪੇਂਡੂ ਖੇਤਰਾਂ ਵਿੱਚ ਸਥਿਤ ਹਨ। ਆਮ ਆਦਮੀ ਕਲੀਨਿਕਾਂ ਵਿਖੇ ਮਰੀਜ਼ਾਂ ਲਈ 80 ਕਿਸਮਾਂ ਦੀਆਂ ਦਵਾਈਆਂ ਅਤੇ 38 ਕਿਸਮਾਂ ਦੇ ਡਾਇਗਨੌਸਟਿਕ ਟੈਸਟ ਮੁਫ਼ਤ ਉਪਲਬਧ ਹਨ। ਇਨ੍ਹਾਂ ਕਲੀਨਿਕਾਂ ਨੇ ਸੂਬੇ ਦੇ ਲੋਕਾਂ ਨੂੰ ਸਿਹਤ ਸੰਭਾਲ ‘ਤੇ ਆਉਣ ਵਾਲੇ ਖਰਚੇ ਨੂੰ 1200 ਕਰੋੜ ਰੁਪਏ ਤੱਕ ਘਟਾਉਣ ਵਿੱਚ ਯੋਗਦਾਨ ਪਾਇਆ ਹੈ।

ਜ਼ਿਕਰਯੋਗ ਹੈ ਕਿ ਸੂਬੇ ਦੇ ਲੋਕਾਂ ਨੂੰ ਵਿਆਪਕ ਪ੍ਰਾਇਮਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸੂਬੇ ਵਿੱਚ 3134 ਸਿਹਤ ਅਤੇ ਤੰਦਰੁਸਤੀ ਕੇਂਦਰ ਕਾਰਜਸ਼ੀਲ ਹਨ। ਇਸ ਦੇ ਨਾਲ ਹੀ ਨਵਾਂ ਸਟਾਫ਼ ਭਾਵ ਕਮਿਊਨਿਟੀ ਹੈਲਥ ਅਫਸਰ ਵੀ ਸ਼ਾਮਲ ਕੀਤੇ ਗਏ ਹਨ। ਮੌਜੂਦਾ ਸਮੇਂ, 23 ਜ਼ਿਲ੍ਹਾ ਹਸਪਤਾਲਾਂ, 14 ਸਬ-ਡਵੀਜ਼ਨਲ ਹਸਪਤਾਲਾਂ, ਤਿੰਨ ਕਮਿਊਨਿਟੀ ਹੈਲਥ ਸੈਂਟਰਾਂ ਵਿਖੇ ਸਥਿਤ 40 ਡਾਇਲਸਿਸ ਕੇਂਦਰਾਂ ਵਿੱਚ 168 ਡਾਇਲਸਿਸ ਮਸ਼ੀਨਾਂ ਉਪਲੱਬਧ ਹਨ। ਅਪ੍ਰੈਲ 2024 ਤੋਂ ਨਵੰਬਰ 2024 ਤੱਕ 4831 ਮਰੀਜ਼ਾਂ ਨੂੰ 32800 ਡਾਇਲਸਿਸ ਸੈਸ਼ਨ ਦਿੱਤੇ ਗਏ ਹਨ।

# ਪਿੰਡ ਪਧਿਆਣਾ ਦੇ ਸਕੂਲ ਦੇ ਮੈਦਾਨ 'ਚੋਂ ਗ੍ਰਨੇਡ ਵਰਗੀ ਮਿਲੀ ਚੀਜ਼



**ਆਦਮਪੁਰ।** ਜਲੰਧਰ ਦੇ ਆਦਮਪੁਰ ਤੋਂ ਇਕ ਵੱਡੀ ਖਬਰ ਸਾਹਮਣੇ ਆਈ ਹੈ। ਪਿੰਡ ਪਧਿਆਣਾ ਦੇ ਸਕੂਲ ਦੇ ਨਾਲ ਵਾਲੇ ਖਾਲੀ ਪਲਾਟ ਵਿਚੋਂ ਇਕ ਗ੍ਰਨੇਡ ਵਰਗੀ ਚੀਜ਼ ਮਿਲੀ। ਸੂਚਨਾ ਮਿਲਦੇ ਹੀ ਆਦਮਪੁਰ ਥਾਣੇ ਦੀ ਪੁਲਿਸ ਅਤੇ ਬੰਬ ਸਕੁਐਡ ਟੀਮ ਮੌਕੇ 'ਤੇ ਪਹੁੰਚ ਗਈ। ਪੁਲਿਸ ਨੇ ਇਲਾਕੇ ਨੂੰ ਸੀਲ ਕਰ ਦਿੱਤਾ ਗਿਆ ਹੈ ਅਤੇ ਤਲਾਸ਼ੀ ਮੁਹਿੰਮ ਜਾਰੀ ਹੈ। ਪੁਲਿਸ ਅਧਿਕਾਰੀ ਦਾ ਕਹਿਣਾ ਹੈ ਕਿ ਜਾਂਚ ਜਾਰੀ ਹੈ। ਬੰਬ ਸਕੁਐਡ ਦੀ ਫੋਰੈਂਸਿਕ ਰਿਪੋਰਟ ਤੋਂ ਬਾਅਦ ਇਹ ਸਪੱਸ਼ਟ ਹੋ ਜਾਵੇਗਾ ਕਿ ਇਹ ਗ੍ਰਨੇਡ ਹੈ ਜਾਂ ਕੁਝ ਹੋਰ।

for more news visit:
www.samajweekly.com



# ਆਓ ਰਲ ਮਿਲ ਲੋਹੜੀ ਮਨਾਈਏ ਧੀਆਂ ਦੀ ਖੁਸ਼ੀਆਂ ਮਨਾਈਏ-ਸੁਰਿੰਦਰ ਸ਼ਿੰਦੀ

**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ**

ਆਂਗਣਵਾੜੀ ਸੈਂਟਰ ਨੰਬਰ 122 ਵਿੱਚ ਬਾਲ ਵਿਕਾਸ ਪ੍ਰੋਗਰਾਮ ਅਫਸਰ ਦੇ ਦਿਸ਼ਾ-ਨਿਰਦੇਸ਼ ਹੇਠ ਵਿੱਚ ਆਂਗਣਵਾੜੀ ਵਰਕਰ ਕੁਲਵੰਤ ਕੌਰ ਨੀਲੋ, ਅਨੀਤਾ ਰਾਣੋ ਸੁਪਰਵਾਈਜ਼ਰ ਦੀ ਆਗਵਾਈ ਵਿੱਚ ਧੀਆ ਦੀ ਲੋਹੜੀ ਮਨਾਈ ਗਈ। ਜਿਸ ਮੁੱਖ ਮਹਿਮਾਨ ਵਾਰਡ ਨੰਬਰ 4 ਦੇ ਕੌਸਲਰ ਸਰਿੰਦਰ ਕੁਮਾਰ ਸਿੰਦੀ ਸਾਮਲ ਹੋਏ। ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਪੁਹੰਚੇ। ਸੁਰਿੰਦਰ ਕੁਮਾਰ ਸ਼ਿੰਦੀ ਅਤੇ ਮੋਹਿਤ ਕੁਮਾਰ ਕੁੰਦਰਾ ਧੀਆ ਦੀ ਲੋਹੜੀ ਸੁਭ ਆਰੰਭ ਕੀਤਾ ਗਿਆ।ਆਗਣਵਾੜੀ ਕੁਲਵੰਤ ਕੌਰ ਨੀਲੋ ਨੇ ਦਸਿਆ ਕਿ ਪਿਛਲੇ 15 ਸਾਲਾ ਤੋ ਨਵ ਜਨਮੀਆ ਧੀਆ ਦੀ ਲੋਹੜੀ ਮਨਾਓਦੇ ਆ ਰਹੇ ਹਨ। ਹਰ ਸਾਲ ਇਕ ਸਾਲ ਦੀਆ ਲੋਹੜੀ ਮਨਾਈ ਜਾਂਦੀ ਹੈ। ਸਾਨੂੰ ਧੀਆ ਸਤਿਕਾਰ ਕਰੋ ਪੁੱਤਰਾ ਵਾਗੂੰ ਪਿਆਰ ਕਰੋ।ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਨੇ ਧੀਆ ਨੂੰ ਕੁਖ ਵਿੱਚ ਨਹੀ ਮਾਰਨਾ ਚਾਹੀਦਾ।ਉਹਨਾ ਨੂੰ ਉਚ ਸਿੱਖਿਆ ਦਿਵਾਕੇ ਪੈਰਾ ਖੜੇ ਕਰਨਾ ਚਾਹੀਦਾ ਹੈ।ਮੁਖ ਮਹਿਮਾਨ ਵਾਰਡ ਨੰਬਰ 4 ਦੇ ਕੌਸਲਰ ਸਰਿੰਦਰ ਕੁਮਾਰ ਸਿੰਦੀ ,ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ, ਰਿਟਾਇਰਡ ਇੰਸਪੈਕਟਰ ਜਗਦੇਵ ਸਿੰਘ, ਸਮਾਜ ਸੇਵੀ ਪਰਮਜੀਤ ਸਿੰਘ ਨੀਲੋ ,ਨੇ 9 ਨਵ ਜੰਮਿਆ ਧੀਆ ਗਿਫਟ, ਮੂੰਗਫਲੀ, ਆਦਿ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇ ਸਾਬਕਾ ਕੌਂਸਲਰ ਪਰਮਜੀਤ ਪੰਮੀ, ਸੁਖਦੀਪ ਸਿੰਘ ਸੋਨੀ ਸਰਪੰਚ, ਦੀਪਕ ਢੋਲੀ, ਕਰਮਜੀਤ ਢੋਲੀ,ਗੁਰਦੀਪ ਸਿੰਘ, ਕੌਸਲਰ ਨੀਰਜ ਕੁਮਾਰ, ਸੁਖਵਿੰਦਰ ਮਾਨ, ਆਗਣਵਾੜੀ ਵਰਕਰ ਪਰਮਜੀਤ ਕੌਰ, ਜਸਵੀਰ ਕੌਰ, ਮਨਜੀਤ ਕੌਰ, ਪਰਮਿੰਦਰ ਕੌਰ,ਰਣਜੀਤ ਕੌਰ ਰਾਣੀ, ਬਲਵੰਤ ਸਿੰਘ, ਸਵਰਨ ਸਿੰਘ ਸੰਨੀ, ਕਮਲਜੀਤ ਸਿੰਘ ਕਰਨਦੀਪ ਸਿੰਘ, ਕੁਲਵੀਰ ਸਿੰਘ, ਅੱਛਰ ਰਾਮ, ਮਲਕੀਤ ਕੌਰ, ਹੈਲਪਰ, ਗੁਰਪ੍ਰੀਤ ਕੌਰ, ਨੀਲਮ ਰਾਣੀ, ਭਵਨਦੀਪ ਸਿੰਘ ਨੀਲੋ, ਗੁਰਦੇਵ ਸਿੰਘ, ਬਲਵਿੰਦਰ ਸਿੰਘ , ਗੁਰਪ੍ਰੀਤ ਗੋਲਡੀ,ਮਲਕੀਤ ਕੌਰ, ਬਲਦੇਵ ਕੌਰ, ਸੀਮਾ ਰਾਣੀ ਆਦਿ ਹਾਜ਼ਰ ਸਨ।



# ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਲੋਹੜੀ ਦਾ ਤਿਉਹਾਰ ਮਨਾਇਆ

**ਕਪੂਰਥਲਾ, ( ਕੌੜਾ )-** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਦੀ ਅਗਵਾਈ ਵਿਚ ਸਟਾਫ ਮੈਂਬਰਾਂ ਤੇ ਵਿਦਿਆਰਥੀਆਂ ਨੇ ਲੋਹੜੀ ਦਾ ਤਿਉਹਾਰ ਮਨਾਇਆ । ਇਸ ਮੌਕੇ ਸਕੂਲ ਦੇ ਪ੍ਰਧਾਨ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਅਤੇ ਸਕੂਲ ਦੇ ਪ੍ਰਸਾਸ਼ਕ ਨਿਮਰਤਾ ਕੌਰ ਨੇ ਸਮਾਗਮ 'ਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ । ਉਨ੍ਹਾਂ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਲੋਹੜੀ ਦੀਆਂ ਮੁਬਾਰਕਾਂ ਦਿੱਤੀਆਂ । ਇਸ ਮੌਕੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਦਾ ਆਗਾਜ਼ ਸ਼ਬਦ ਗਾਇਨ ਰਾਹੀਂ ਕੀਤਾ ਗਿਆ । ਨੌਵੀਂ ਜਮਾਤ ਦੀ ਵਿਦਿਆਰਥਣ ਅੰਸ਼ਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਲੋਹੜੀ ਦੇ ਤਿਉਹਾਰ ਨਾਲ ਰੂਬਰੂ ਕਰਵਾਇਆ ਅਤੇ ਛੇਵੀਂ ਜਮਾਤ ਦੀ ਵਿਦਿਆਰਥਣ ਸਾਕਸ਼ੀ ਨੇ ਲੋਹੜੀ ਦੇ ਸਬੰਧ ਵਿੱਚ ਕਵਿਤਾ ਪੇਸ਼ ਕੀਤੀ । ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਮਿਲ ਕੇ ਲੋਹੜੀ ਦੇ ਸਬੰਧ ਵਿੱਚ ਗੀਤ ਗਾਏ ਗਏ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਡਾਇਰੈਕਟਰ ਹਰਨਿਆਮਤ ਕੌਰ ਨੇ ਵੀ ਵਿਦਿਆਰਥੀਆਂ ਨੂੰ ਲੋਹੜੀ ਦੀਆਂ ਮੁਬਾਰਕਾਂ ਦਿੱਤੀਆਂ । ਇਸ ਮੌਕੇ ਸਟਾਫ਼ ਮੈਂਬਰ ਅਤੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਹਾਜਰ ਸਨ ।



# ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਵਿਖੇ ਧੂਮ-ਧਾਮ ਨਾਲ ਮਨਾਇਆ ਗਿਆ ਲੋਹੜੀ ਦਾ ਤਿਉਹਾਰ







**ਸੰਦੀਪ ਸਿੰਘ ਬਖੋਪੀਰ (ਸਮਾਜ ਵੀਕਲੀ)**

ਸਕੂਲ ਦੇ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੇ ਦਿਨ ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਵਿਖੇ ਲੋਹੜੀ ਦਾ ਪਾਵਨ ਤਿਉਹਾਰ ਬਹੁਤ ਹੀ ਧੂਮ ਧਾਮ ਦੇ ਨਾਲ ਮਨਾਇਆ ਗਿਆ ਇਸ ਤਿਉਹਾਰ ਨੂੰ ਮਨਾਉਂਦਿਆਂ ਸਕੂਲ ਦੇ ਵੱਖੋ ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਵੱਖ-ਵੱਖ ਸੱਭਿਆਚਾਰਕ ਗੀਤਾਂ ਉੱਤੇ ਸਮੂਹਿਕ ਤੌਰ ਤੇ ਸੰਗੀਤਕ, ਸਮਾਗਮ ਵਿੱਚ ਭਾਗ ਲਿਆ, ਅਤੇ ਖੂਬਸੂਰਤ ਗਾਣਿਆਂ ਉੱਪਰ ਮਨ-ਮੋਹਿਕ ਸੰਗੀਤਕ ਸੱਭਿਆਚਾਰਕ ਨਾਚ ਪੇਸ਼ ਕੀਤੇ ਦੁੱਲਾ ਭੱਟੀ ਜੀ ਦੇ ਜੀਵਨ ਨਾਲ ਸੰਬੰਧਿਤ ਬਹੁਤ ਸਾਰੀਆਂ ਸਾਹਿਤਿਕ ਰਚਨਾਵਾਂ ਪੇਸ਼ ਕੀਤੀਆਂ ਸਕੂਲ ਦੇ ਅਧਿਆਪਕਾਂ ਵੱਲੋਂ ਦੁੱਲਾ ਭੱਟੀ ਜੀ ਨਾਲ ਸੰਬੰਧਿਤ ਲੇਖ ਅਤੇ ਵੱਖ-ਵੱਖ ਰਚਨਾਵਾਂ ਪੇਸ਼ ਕੀਤੀਆਂ ਗਈਆਂ ਸਕੂਲ ਦੇ ਮਿਹਨਤੀ ਅਧਿਆਪਕਾਂ ਦੁਆਰਾ ਤਿਆਰ ਕੀਤੀਆਂ ਵਿਦਿਆਰਥੀਆਂ ਦੁਆਰਾ ਵੱਖ ਵੱਖ ਗਤੀਵਿਧੀਆਂ ਪੇਸ਼ ਕੀਤੀਆਂ ਗਈਆਂ, ਮੌਕੇ ਉੱਤੇ ਵਿਦਿਆਰਥੀਆਂ ਨੂੰ ਮੂੰਗਫਲੀ ਗੱਚਕ ਅਤੇ ਰਿਉੜੀਆਂ ਵੰਡੀਆਂ ਗਈਆਂ ਸਮੂਹਿਕ ਰੂਪ ਵਿੱਚ ਨੱਚ ਗਾ ਕੇ ਇਸ ਤਿਉਹਾਰ ਨੂੰ ਮਨਾਇਆ ਗਿਆ ਅਤੇ ਧੀਆਂ ਦੇ ਸਤਿਕਾਰ ਅਤੇ ਸਮਾਜ ਵਿੱਚ ਉਹਨਾਂ ਦੇ ਆਦਰ ਨੂੰ ਲੈ ਕੇ ਪ੍ਰਣ ਕੀਤਾ ਗਿਆ ਕਿ ਇਸ ਲੋਹੜੀ ਤੇ ਆਓ ਆਪਾਂ ਸਭ ਰਲ ਕੇ ਧੀਆਂ ਦਾ ਸਤਿਕਾਰ ਕਰੀਏ ਅਤੇ ਸਮਾਜ ਨੂੰ ਅੱਗੇ ਵਧਾਉਣ ਵਿੱਚ ਆਪਣਾ ਯੋਗਦਾਨ ਪਾਈਏ ਸਕੂਲ ਦੇ ਚੇਅਰਮੈਨ ਬਾਬਾ ਕਿਰਪਾਲ ਸਿੰਘ ਜੀ, ਮੈਨੇਜਰ ਸਰਦਾਰ ਸਰਬਜੀਤ ਸਿੰਘ ਜੀ ਪ੍ਰਬੰਧਕ ਡਾਇਰੈਕਟਰ ਡਾ:ਗੁਰਮੀਤ ਸਿੰਘ ਜੀ ਕਮਲਦੀਪ ਸਿੰਘ ਝੇੜੀ ਜੀ ਅਤੇ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਵੱਲੋਂ ਸਮੂਹ ਵਿਦਿਆਰਥੀ ਅਤੇ ਮਾਪਿਆਂ ਨੂੰ ਲੋਹੜੀ ਦੀਆਂ ਹਾਰਦਿਕ ਸ਼ੁਭਕਾਮਨਾਵਾਂ ਭੇਟ ਕੀਤਾ ਕੀਤੀਆਂ ਗਈਆਂ ਮੌਕੇ ਉੱਤੇ ਪੰਜਾਬੀ ਅਧਿਆਪਕ ਸੰਦੀਪ ਸਿੰਘ ਮੈਡਮ ਬਲਜੀਤ ਕੌਰ ਸਨਮੀਤ ਸਿੰਘ, ਗੁਰਜੰਟ ਸਿੰਘ, ਸਤਪਾਲ ਸਿੰਘ ਮੈਡਮ ਰਜਨੀ, ਸਸੀ ਮੈਡਮ ਬੇਅੰਤ ਮੈਡਮ ਅਤੇ ਹਰਗਿੰਦਰ ਕੌਰ ਜੀ ਆਦਿ ਮੌਜੂਦ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਕਿਸਾਨ ਜਥੇਬੰਦੀਆਂ ਵੱਲੋਂ ਖੇਤੀ ਖਰੜੇ ਦੀਆਂ ਕਾਪੀਆਂ ਸਾੜੀਆਂ

**ਮਹਿਤਪੁਰ ( ਪੱਤਰ ਪ੍ਰੇਰਕ)** ਅੱਜ ਇਥੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਦੇਸ਼ ਭਰ ਵਿੱਚ ਮੋਦੀ ਸਰਕਾਰ ਵੱਲੋਂ ਲਿਆਦੇ ਖੇਤੀ ਮੰਡੀ ਨੀਤੀ ਦੇ ਖਰੜੇ ਦੀਆਂ ਤਹਿਸੀਲ ਪੱਧਰ ਤੇ ਕਾਪੀਆਂ ਸਾੜਨ ਦੇ ਦਿੱਤੇ ਪ੍ਰੋਗਰਾਮ ਦੀ ਕੜੀ ਵਜੋਂ ਸੰਯੁਕਤ ਕਿਸਾਨ ਮੋਰਚੇ ਦੀਆਂ ਜੱਥੇਬੰਦੀਆਂ ਕੁੱਲ ਹਿੰਦ ਕਿਸਾਨ ਸਭਾ, ਭਾਰਤੀ ਕਿਸਾਨ ਯੂਨੀਅਨ ਕਾਦੀਆਂ, ਤੇ ਜਮਹੂਰੀ ਕਿਸਾਨ ਸਭਾ ਵੱਲੋਂ ਸ਼ਹਿਰ ਦੇ ਮੁੱਖ ਚੌਂਕ ਵਿੱਚ ਖਰੜੇ ਦੀਆਂ ਕਾਪੀਆਂ ਸਾੜੀਆ ਗਈਆਂ ਇਸ ਮੌਕੇ ਇੱਕਠ ਨੂੰ ਸੰਬੋਧਨ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਜਿਲਾ ਪ੍ਰਧਾਨ ਸੰਦੀਪ ਅਰੋੜਾ, ਦਿਲਬਾਗ ਸਿੰਘ ਚੰਦੀ, ਬੀ ਕੇ ਯੂ ਕਾਦੀਆਂ ਦੇ ਬਾਬਾ ਪਲਵਿੰਦਰ ਸਿੰਘ, ਮੀਤ ਸਕੱਤਰ ਗੁਰਦਾਵਰ ਸਿੰਘ ਕਿਰਤੀ ਕਿਰਤੀ ਕਿਸਾਨ ਯੂਨੀਅਨ ਦੇ ਰਜਿੰਦਰ ਮੰਡ, ਰਤਨ ਸਿੰਘ ਜਮਹੂਰੀ ਕਿਸਾਨ ਸਭਾ ਦੇ ਮੇਜਰ



ਸਿੰਘ ਖੁਰਲਾਪੁਰ ਤੇ ਮਹਿੰਦਰ ਸਿੰਘ ਮੰਡ ਤੇ ਯੂਥ ਆਗੂ ਕੁੱਲ ਹਿੰਦ ਕਿਸਾਨ ਸਭਾ ਮਨਦੀਪ ਸਿੱਧੂ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਲਿਆਦੇ ਤਿੰਨ ਕਾਲੇ ਖੇਤੀ ਕਾਨੂੰਨ 13 ਮਹੀਨੇ ਦਿੱਲੀ ਦੀਆਂ ਸੜਕਾਂ ਤੇ ਬੈਠ ਕੇ 750 ਦੀ ਕਰੀਬ ਸ਼ਹੀਦੀਆ ਦਿੱਤੀਆਂ ਤੇ ਜਿਸ ਦੇ ਦਬਾਅ ਹੇਠ ਮੋਦੀ ਨੇ ਦੇਸ਼ ਦੇ ਕਿਸਾਨਾਂ ਕੋਲੋਂ ਮੁਆਫ਼ੀ ਮੰਗ ਕੇ ਕਾਨੂੰਨ ਵਾਪਿਸ ਲਏ ਸਨ ਹੁਣ ਫਿਰ ਉਹਨਾਂ ਨੂੰ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਵਿੰਗੇ ਟੇਡੇ ਢੰਗ ਨਾਲ ਫਿਰ ਲਾਗੂ ਕਰਕੇ ਨਿਜੀਕਰਨ ਨੂੰ ਲਾਭ ਪਹੁੰਚਾ ਕੇ ਕਾਰਪੋਰੇਟਾਂ ਨੂੰ ਖੁਸ਼ ਕਰਨਾ ਚਾਹੁੰਦੀ ਹੈ। ਜਿਸ ਨੂੰ ਕਿਸੇ ਵੀ ਕੀਮਤ ਤੇ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ। ਉਹਨਾਂ ਕਿਸਾਨਾਂ ਮਜਦੂਰਾਂ ਤੇ ਨੌਜਵਾਨਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਉਹ 26 ਜਨਵਰੀ ਦੇ ਟਰੈਕਟਰ ਮਾਰਚ ਜੋ ਦਾਣਾ ਮੰਡੀ ਮਹਿਤਪੁਰ ਵਿੱਚੋਂ ਸ਼ੁਰੂ ਕੀਤਾ ਜਾਵੇਗਾ। ਵਿੱਚ ਵੱਡੀ ਸ਼ਮੂਲੀਅਤ ਕਰਨ ਇਸ ਮੌਕੇ ਸੁਖਚੈਨ ਸਿੰਘ, ਰਘਵੀਰ ਸਿੰਘ ਦਲਬੀਰ ਸਿੰਘ, ਭਜਨ ਸਿੰਘ ਲਖਵਿੰਦਰ ਸਿੰਘ ਹਰਜਿੰਦਰ ਸਿੰਘ, ਜਸਵੀਰ ਸਿੰਘ, ਬੂਟਾ ਸਿੰਘ ਮੱਟੂ,ਸ਼ੇਰ ਸਿੰਘ ਆਦਿ ਹਾਜ਼ਰ ਸਨ।

# ਲਾਰਡ ਕ੍ਰਿਸ਼ਨਾ ਕਾਲਜ 'ਚ ਲੋਹੜੀ ਦਾ ਤਿਉਹਾਰ ਮਨਾਇਆ

**ਸੁਲਤਾਨਪੁਰ ਲੋਧੀ, ( ਕੌੜਾ )–** ਲਾਰਡ ਕ੍ਰਿਸ਼ਨਾ ਕਾਲਜ ਆਫ ਐਜੂਕੇਸ਼ਨ ਵਿਖੇ ਪ੍ਰਿੰਸੀਪਲ ਰੂਬੀ ਭਗਤ ਦੀ ਅਗਵਾਈ ਵਿਚ ਸਟਾਫ ਮੈਂਬਰਾਂ ਤੇ ਵਿਦਿਆਰਥੀਆਂ ਨੇ ਲੋਹੜੀ ਦਾ ਤਿਉਹਾਰ ਮਨਾਇਆ । ਇਸ ਮੌਕੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਅਤੇ ਕਾਲਜ ਦੇ ਵਿਹੜੇ ਵਿੱਚ ਖ਼ੂਬ ਪਤੰਗਬਾਜ਼ੀ ਕੀਤੀ ਗਈ। ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਵੱਲੋਂ ਮਿਲ ਕੇ ਲੋਹੜੀ ਦੇ ਸਬੰਧ ਵਿੱਚ ਗੀਤ ਗਾਏ ਗਏ । ਪ੍ਰਿੰਸੀਪਲ ਰੂਬੀ ਭਗਤ ਨੇ ਸਮੂਹ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੂੰ ਨਵੇਂ ਸਾਲ ਤੇ ਲੋਹੜੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ । ਇਸ ਮੌਕੇ ਮੈਡਮ ਸੁੰਮੀ ਧੀਰ, ਕੁਲਦੀਪ ਕੌਰ, ਚਰਨਜੀਤ ਕੌਰ, ਰੀਟਾ, ਨਵੀਨ ਖੁਰਾਣਾ ਆਦਿ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜਰ ਸਨ ।



# ਚੱਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਸ਼ਾਲੀਮਾਰ ਬਾਗ ਦਿੱਲੀ 'ਚ ਬੰਦਨਾ ਕੁਮਾਰੀ ਦੀ ਚੋਣ ਮੁਹਿੰਮ ਨੂੰ ਦਿੱਤਾ ਨਵਾਂ ਜੋਸ਼

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਚੱਬੇਵਾਲ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਡਾਕਟਰ ਇਸ਼ਾਂਕ ਕੁਮਾਰ ਪਾਰਟੀ ਦੁਆਰਾ ਸੌਂਪੀ ਗਈ ਜਿੰਮੇਵਾਰੀ ਨਿਭਾਉਂਦਿਆਂ ਦਿੱਲੀ ਦੇ ਸ਼ਾਲੀਮਾਰ ਬਾਗ ਹਲਕੇ ਦੀ ਉਮੀਦਵਾਰ ਬੰਦਨਾ ਕੁਮਾਰੀ ਲਈ ਚੋਣ ਪ੍ਰਚਾਰ ਕਰਨ ਦਿੱਲੀ ਪੁੱਜੇ ਹੋਏ ਹਨ। ਬੀਤੇ ਦਿਨੀਂ ਉਹਨਾਂ ਨੇ ਬੰਦਨਾ ਕੁਮਾਰੀ ਦੇ ਨਾਲ ਸ਼ਾਲੀਮਾਰ ਬਾਗ਼ ਹਲਕੇ ਦੇ ਵਾਰਡ ਇੰਚਾਰਜਾਂ ਨਾਲ ਮੀਟਿੰਗ ਕਰਕੇ ਚੁਣਾਵੀ ਮੁਹਿੰਮ ਨੂੰ ਨਵੀਂ ਰਫਤਾਰ ਦਿੱਤੀ। ਇਸ ਮੌਕੇ, ਉਨ੍ਹਾਂ ਨੇ ਪਾਰਟੀ ਦੇ ਉਮੀਦਵਾਰ ਸ਼੍ਰੀਮਤੀ ਬੰਦਨਾ ਕੁਮਾਰੀ ਦੇ ਹੱਕ ਵਿੱਚ ਲੋਕਾਂ ਨੂੰ ਲਾਮਬੰਦ ਕਰਨ ਅਤੇ ਪਾਰਟੀ ਦੀ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਜ਼ੋਰ ਦਿੱਤਾ। ਡਾਕਟਰ ਇਸ਼ਾਂਕ ਕੁਮਾਰ ਨੇ ਮੀਟਿੰਗ ਦੌਰਾਨ ਪਾਰਟੀ ਦੀ ਨੀਤੀਆਂ ਤੇ ਸਿਧਾਂਤਾਂ ਬਾਰੇ ਗੱਲ ਕੀਤੀ ਅਤੇ ਲੋਕਾਂ ਦੇ ਭਲਾਈ ਪ੍ਰੋਜੈਕਟਾਂ ਦੀ



ਉਪਲਬਧੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਦੀਵ ਹੀ ਲੋਕਾਂ ਦੇ ਹੱਕਾਂ ਦੀ ਪੱਖਦਾਰ ਰਹੀ ਹੈ। ਉਹਨਾਂ ਕਿਹਾ ਕੇ ਸ਼੍ਰੀਮਤੀ ਬੰਦਨਾ ਕੁਮਾਰੀ ਇਕ ਸਮਰਪਿਤ ਅਤੇ ਲੋਕਪ੍ਰਿਯ ਉਮੀਦਵਾਰ ਹਨ, ਜੋ ਸੇਵਾ ਦੇ ਜਜ਼ਬੇ ਨਾਲ ਕੰਮ ਕਰ ਰਹੇ ਹਨ।ਵਾਰਡ ਇੰਚਾਰਜਾਂ ਨੇ ਵੀ ਆਪਣੀਆਂ ਰਿਪੋਰਟਾਂ ਤੇ ਯੋਜਨਾਵਾਂ ਨੂੰ ਸਾਂਝਾ ਕੀਤਾ। ਉਨ੍ਹਾਂ ਨੇ ਦੱਸਿਆ ਕਿ ਲੋਕਾਂ ਵਿੱਚ ਬਹੁਤ ਵਧੀਆ ਪ੍ਰਤੀਕਰਮ ਮਿਲ ਰਿਹਾ ਹੈ। ਉਨ੍ਹਾਂ ਨੇ ਸਾਰਿਆਂ ਨੂੰ ਸੂਚਿਤ ਕੀਤਾ ਕਿ ਇਸ ਚੋਣ ਮੁਹਿੰਮ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਲਿਜਾਇਆ ਜਾਵੇ ਤਾਂ ਜੋ ਪਾਰਟੀ ਨੂੰ ਹਲਕੇ ਵਿੱਚ ਭਾਰੀ ਅੰਤਰ ਨਾਲ ਜਿੱਤ ਮਿਲ ਸਕੇ।ਇਸ ਮੀਟਿੰਗ ਦੇ ਬਾਅਦ ਪਾਰਟੀ ਵਰਕਰਾਂ ਵਿੱਚ ਨਵਾਂ ਜੋਸ਼ ਵੇਖਣ ਨੂੰ ਮਿਲਿਆ ਅਤੇ ਚੁਣਾਵ ਮੈਦਾਨ ਵਿੱਚ ਸ਼੍ਰੀਮਤੀ ਬੰਦਨਾ ਕੁਮਾਰੀ ਦੀ ਜਿੱਤ ਲਈ ਦ੍ਰਿੜ ਨਿਸ਼ਚੇ ਨਾਲ ਨਵੀਂ ਰਣਨੀਤੀ ਬਣਾਈ ਗਈ।

# ਨਵੇਂ ਖੇਤੀ ਖਰੜੇ ਦੀਆਂ ਕਾਪੀਆਂ ਸਾੜ ਕੇ ਕਾਲੀ ਲੋਹੜੀ ਮਨਾਈ

**ਸੰਗਰੂਰ।** ਸੰਯੁਕਤ ਕਿਸਾਨ ਮੋਰਚਾ ਅਤੇ ਹੋਰ ਕਿਸਾਨ ਸੰਗਠਨਾਂ ਦੇ ਸਾਂਝੇ ਸੱਦੇ ਤੇ ਲਹਿਰਾ ਗਾਗਾ ਇਲਾਕੇ ਦੀਆਂ ਸਮੁੱਚੀਆਂ ਕਿਸਾਨ ਮਜ਼ਦੂਰ ਅਤੇ ਜਨਤਕ ਜਥੇਬੰਦੀਆਂ ਵੱਲੋਂ ਕੇਂਦਰ ਸਰਕਾਰ ਵੱਲੋਂ ਲਿਆਂਦੇ ਨਵੇਂ ਖੇਤੀ ਖਰੜੇ ਦੇ ਵਿਰੋਧ ਵਿੱਚ ਲਹਿਰਾਗਾਗਾ ਵਿਖੇ ਇਸ ਖੇਤੀ ਖਰੜੇ ਦੀਆਂ ਕਾਪੀਆਂ ਫੂਕ ਕੇ ਕਾਲੀ ਲੋਹੜੀ ਮਨਾਈ ਗਈ। ਇਸ ਮੌਕੇ ਵੱਡੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਵੱਖ ਵੱਖ ਜਥੇਬੰਦੀਆਂ ਦੇ ਬੁਲਾਰੇ ਸਾਥੀਆਂ ਨੇ ਕਿਹਾ ਕਿ ਕੇਂਦਰ ਸਰਕਾਰ ਲਗਾਤਾਰ ਕਾਰਪੋਰੇਟਾਂ ਦੇ ਹੱਕ ਵਿੱਚ ਨਵੇਂ ਤੋਂ ਨਵੇਂ ਕਾਨੂੰਨ ਲਿਆ ਕੇ ਕਿਸਾਨਾਂ ਨੂੰ ਪਰੇਸ਼ਾਨ ਕਰ ਰਹੀ ਹੈ ਅਤੇ ਕੋਜੀਆਂ ਚਾਲਾਂ ਚੱਲ ਰਹੀ ਹੈ । ਕਿਸਾਨ ਲੰਮੇ ਸਮੇਂ ਤੋਂ ਆਪਣੀਆਂ ਜਾਇਜ਼ ਅਤੇ ਹੱਕੀ ਮੰਗਾਂ ਮਨਵਾਉਣ ਲਈ ਸੰਘਰਸ਼ ਕਰ ਰਹੇ ਹਨਲ ਪ੍ਰੰਤੂ ਕੇਂਦਰ ਸਰਕਾਰ ਲਗਾਤਾਰ ਖੇਤੀ ਨਾਲ ਸੰਬੰਧਿਤ ਮੁੱਦਿਆਂ ਨੂੰ ਨਜ਼ਰ ਅੰਦਾਜ਼ ਕਰ ਰਹੀ ਹੈ ਅਤੇ ਸਮੁੱਚੇ ਖੇਤੀਬਾੜੀ ਸੈਕਟਰ ਨੂੰ ਕਿਸਾਨਾਂ ਤੋਂ ਖੋਹ ਕੇ ਕਾਰ-ਪੋਰੇਟ ਸੈਕਟਰ ਦੇ ਹਵਾਲੇ ਕਰਨਾ ਚਾਹੁੰਦੀ ਹੈਲ ਉਨਾਂ ਸਮੁੱਚੇ ਸਮਾਜ ਨੂੰ ਇਸ ਜੀਵਨ ਨਾਲ ਜੁੜੇ ਮਹੱਤਵਪੂਰਨ ਖੇਤਰ ਨੂੰ ਬਚਾਉਣ ਲਈ ਇਕੱਠੇ ਹੋ ਕੇ ਸੰਘਰਸ਼ ਕਰਨ ਦੀ ਅਪੀਲ ਕੀਤੀ । ਖੇਤੀਬਾੜੀ ਲੋਕਾਂ ਦੇ ਜੀਵਨ ਦਾ ਆਧਾਰ ਹੈ ਲ ਖੇਤੀ ਸੈਕਟਰ ਨੂੰ ਵਿਕਾਸ ਦੇ ਏਜੰਡੇ ਵਿੱਚ ਪਹਿਲੀ ਥਾਂ ਦਿੱਤੀ ਜਾਵੇਲ ਨਵੇਂ ਖੇਤੀਬਾੜੀ ਖਰੜੇ ਦੇ ਸੰਬੰਧ ਵਿੱਚ ਬੋਲਦਿਆਂ ਬੁਲਾਰਿਆਂ ਨੇ ਕਿਹਾ ਕਿ ਸਾਰਾ ਖੇਤੀਬਾੜੀ ਖਰੜਾ ਹੀ ਕਾਰਪੋਰੇਟ ਘਰਾਣਿਆਂ ਦੇ ਪੱਖ ਵਿੱਚ ਹੈਲ ਮੁਕਾਬਲੇਬਾਜ਼ੀ ਵਿੱਚ ਸਿਰਫ ਕਾਰਪੋਰੇਟ ਘਰਾਣਿਆਂ ਦਾ ਹੀ ਬੋਲਬਾਲਾ ਹੋਵੇਗਾਲ ਮੌਜੂਦਾ ਮੰਡੀਕਰਨ ਬਿਲਕੁਲ ਖਤਮ ਹੋ ਜਾਵੇਗਾ ਤੇ ਵੱਡੇ



ਲੋਕ ਸਿੱਧਾ ਖਰੀਦਦਾਰੀ ਕਰਕੇ ਆਪਣੇ ਗਡਾਉਨ ਵਿੱਚ ਭੇਜਣਗੇ ਜਿਸ ਨਾਲ ਕੇ ਮੰਡੀ ਨਾਲ ਜੁੜੇ ਹੋਏ ਮਜ਼ਦੂਰ, ਆੜਤੀਏ ਅਤੇ ਹੋਰ ਛੋਟੇ ਮੋਟੇ ਕਿੱਤਿਆਂ ਵਾਲੇ ਲੋਕ ਬਿਲਕੁਲ ਬੇਰੁਜ਼ਗਾਰ ਹੋ ਜਾਣਗੇਲ ਮੰਡੀਕਰਨ ਉੱਤੇ ਕਾਰਪੋਰੇਟਾਂ ਦੇ ਕਬਜ਼ੇ ਤੋਂ ਬਾਅਦ ਉਹ ਆਪਣੀ ਮਨ ਮਰਜ਼ੀ ਨਾਲ ਹੀ ਜਿਨਸਾ ਖਰੀਦਣਗੇਲ ਅਤੇ ਆਮ ਕਿਸਾਨ ਇਸ ਖੇਤੀਬਾੜੀ ਦੇ ਵਿੱਚੋਂ ਬਿਲਕੁਲ ਬਾਹਰ ਹੋ ਜਾਵੇਗਾ।ਸਾਰੇ ਬੁਲਾਰਿਆਂ ਨੇ ਇਸ ਨਵੇਂ ਖੇਤੀਬਾੜੀ ਖਰੜੇ ਨੂੰ ਰੱਦ ਕਰਨ ਦੀ ਚੇਤਾਵਨੀ ਦਿੱਤੀ ,ਨਾਲ ਹੀ ਪਹਿਲਾਂ ਹੀ ਚੱਲ ਰਹੀਆਂ ਕਿਸਾਨੀ ਮੰਗਾਂ ਜਿਵੇਂ ਐਮਐਸਪੀ ਦੀ ਕਾਨੂੰਨੀ ਗਰੰਟੀ, ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ ਅਤੇ ਖੇਤੀਬਾੜੀ ਸੈਕਟਰ ਲਈ ਇਸ ਨਾਲ ਜੁੜੇ ਹੋਏ ਲੋਕਾਂ ਦੀ ਗਿਣਤੀ ਅਨੁਸਾਰ ਬਜਟ ਦਾ ਹਿੱਸਾ ਦੇਣਾ, ਗੈਟ ਸਮਝੋਤੇ ਵਿੱਚੋਂ ਬਾਹਰ ਆਉਣਾ ਅਤੇ ਕਿਸਾਨੀ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਤੁਰੰਤ ਹੱਲ ਕਰਨ ਦੀ ਚੇਤਾਵਨੀ ਦਿੱਤੀਲਇਸ ਖੇਤੀ ਖਰੜੇ ਦੇ ਵਿਰੋਧ ਵਿੱਚ ਕੀਤੀ ਗਈ ਰੈਲੀ ਨੂੰ ਹੋਰਨਾਂ ਤੋਂ ਇਲਾਵਾ ਸੰਬੋਧਨ ਕਰਦਿਆਂ ਬਲਵੀਰ ਸਿੰਘ ਜਲੂਰ ਸੂਬਾ ਆਗੂ ਪੰਜਾਬ ਕਿਸਾਨ ਯੂਨੀਅਨ,ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਸਕੱਤਰ ਸ੍ਰੀ ਬਹਾਦਰ ਸਿੰਘ,ਮਹਿੰਦਰ ਸਿੰਘ ਖੋਖਰ ਖੇਤੀਬਾੜੀ ਤੇ ਕਿਸਾਨ ਵਿਕਾਸ ਫਰੰਟ ਪੰਜਾਬ,ਜਗਜੀਤ ਸਿੰਘ ਭਟਾਲ ਜ਼ਿਲਾ ਪ੍ਰਧਾਨ ਜਮਹੂਰੀ ਅਧਿਕਾਰ ਸਭਾ,ਬਲਵਿੰਦਰ ਸਿੰਘ ਘੋੜੇਨਾਵ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ, ਮਾਸਟਰ ਰਘਵੀਰ ਸਿੰਘ ਭਟਾਲ ਲੋਕ ਚੇਤਨਾ ਮੰਚ ਲਹਿਰਾ ਗਾਗਾ,ਲਾਭ ਸਿੰਘ ਗੁਰਨੇ ਬਲਾਕ ਆਗੂ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ,ਸ੍ਰੀ ਸਤਵੰਤ ਸਿੰਘ ਖਡੇਵਾਲ ਕੁੱਲ ਹਿੰਦ ਕਿਸਾਨ ਸਭਾ,ਕਿਰਤੀ ਕਿਸਾਨ ਯੂਨੀਅਨ,ਰਾਜ ਸਿੰਘ ਖੋਖਰ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ,ਅਤੇ ਸਟੇਜ ਸਕੱਤਰ ਸ੍ਰੀ ਬਿੰਦਰ ਸਿੰਘ ਖੋਖਰ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ,ਆਦ ਬੁਲਾਰਿਆਂ ਨੇ ਸੰਬੋਧਨ ਕੀਤਾ।

**ਮਾਸਟਰ ਪਰਮਵੇਦ**
**ਜੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
9417422349

# ਇੱਕ ਪਾਸੇ ਲੋਹੜੀ ਦੀ ਵਧਾਈ ਦੂਜੇ ਪਾਸੇ ਤੇਜ਼ ਡੋਰ ਦਾ ਕਹਿਰ

**ਬਲਬੀਰ ਸਿੰਘ ਬੱਬੀ**

ਹਾਂ ਬਈ, ਪੰਜਾਬ ਵਾਸੀਓ ਅੱਜ ਪੰਜਾਬ ਦੇ ਸਭਿਆਚਾਰ ਦੇ ਨਾਲ ਸਬੰਧ ਰੱਖਦਾ ਖੁਸ਼ੀਆਂ ਸ਼ਗਨਾਂ ਦਾ ਤਿਉਹਾਰ ਲੋਹੜੀ ਸੀ। ਲੋਹੜੀ ਹਰ ਸਾਲ 13 ਜਨਵਰੀ ਨੂੰ ਆਉਂਦੀ ਹੈ ਇਸ ਦਿਨ ਨਵ ਜਨਮੇ ਬੱਚੇ ਮੁੰਡੇ ਕੁੜੀਆਂ, ਨਵੇਂ ਵਿਆਹਾਂ ਵਾਲੇ ਜੋੜੇ ਤੇ ਹੋਰ ਅਨੇਕਾਂ ਪ੍ਰਮੁੱਖ ਖੁਸ਼ੀਆਂ ਜਿਹੜੇ ਘਰ ਵਿੱਚ ਹੁੰਦੀਆਂ ਹਨ ਉੱਥੇ ਚਾਵਾਂ ਮਲ੍ਹਾਰਾਂ ਦੇ ਨਾਲ ਲੋਹੜੀ ਮਨਾਈ ਜਾਂਦੀ ਹੈ।ਖੈਰ ਇਹ ਤਾਂ ਸੀ ਲੋਹੜੀ ਦਾ ਸਬੰਧ ਅੱਜ ਲੋਹੜੀ ਦੇ ਦਿਨ ਹੀ ਜਿੱਥੇ ਸਮੁੱਚੇ ਘਰਾਂ ਦੇ ਵਿੱਚ ਖੁਸ਼ੀਆਂ ਆਈਆਂ ਤੇ ਦੂਜੇ ਪਾਸੇ ਲੋਹੜੀ ਦੇ ਦਿਨ ਉੱਤੇ ਇੱਕ ਕਹਿਰ ਵੀ ਸਾਹਮਣੇ ਆਇਆ ਹੁਣ ਤੁਸੀਂ ਕਹੋਗੇ ਕਿ ਇਸ ਕਹਿਰ ਦਾ ਲੋਹੜੀ ਦੇ ਨਾਲ ਕੀ ਸਬੰਧ, ਸੰਬੰਧ ਤਾਂ ਕੋਈ ਨਹੀਂ ਜੀ, ਅੱਜ ਲੋਹੜੀ ਦੇ ਦਿਨ ਤੇ ਧੁੱਪ ਨਾਲ ਖਿੜੇ ਦਿਨ ਨੂੰ ਕੁਝ ਲੋਕਾਂ ਨੇ ਨਹੀਂ ਬਹੁਤਿਆਂ ਨੇ ਪਤੰਗ ਉਡਾਉਣ ਲਈ ਅਸਮਾਨ ਵਿੱਚ ਛੱਡੇ। ਇਹ ਪਤੰਗ ਬਹੁਤ ਹੀ ਵੱਡੀ ਗਿਣਤੀ ਵਿੱਚ ਤਾਂ ਨਹੀਂ ਸਨ ਪਰ ਚੜਾਏ ਜਰੂਰ। ਜੇਕਰ ਅੱਜ ਚੜਾਏ ਪਤੰਗਾਂ ਦੀ ਗੱਲ ਕਰੀਏ ਤਾਂ ਪੰਜਾਬ ਦੇ ਕਈ ਹਿੱਸਿਆਂ ਦੇ ਵਿੱਚੋਂ ਬਹੁਤ ਤੇਜ਼ ਤਰਾਰ ਡੋਰ ਜਿਸ ਨੂੰ ਪਹਿਲਾਂ ਨਾਮ ਚਾਈਨਾ ਡੋਰ ਦਿੱਤਾ ਗਿਆ ਸੀ ਹੁਣ ਇਹ ਸਾਡੇ ਹੀ ਦੇਸ਼ ਵਿੱਚ ਬਣ ਰਹੀ ਹੈ। ਉਸ ਦਾ ਕਹਿਰ ਨਜ਼ਰ ਆਇਆ। ਸਮਰਾਲਾ ਨਜ਼ਦੀਕ ਸਕੂਟਰੀ ਤੇ ਜਾ ਰਹੇ ਇੱਕ ਵਿਅਕਤੀ ਦੇ ਉੱਪਰ ਡੋਰ ਆ ਡਿੱਗੀ ਤੇ ਉਸ ਨੇ ਆਪਣਾ ਬਚਾਅ ਕਰਦਿਆਂ ਹੋਇਆ ਜਦੋਂ ਹੱਥ ਚਲਾਏ ਤਾਂ ਇੱਕ ਹੱਥ ਦੀਆਂ ਉਂਗਲਾਂ ਬੁਰੇ ਤਰੀਕੇ ਦੇ ਨਾਲ ਕੱਟੀਆਂ ਗਈਆਂ ਹੱਥ ਜ਼ਖਮੀ ਹੋ ਗਿਆ ਲਹੂ ਲੁਹਾਣ ਹੋਇਆ ਇਹ ਵਿਅਕਤੀ ਹਸਪਤਾਲ ਗਿਆ ਜਿੱਥੇ ਇਸ ਦੇ ਮਲ੍ਹਮ ਪੱਟੀ ਕੀਤੀ ਗਈ ਤਸਵੀਰ ਵਿੱਚ ਤੁਸੀਂ ਸਭ ਕੁਝ ਦੇਖ ਹੀ ਰਹੇ ਹੋ।ਇਸ ਤੋਂ ਇਲ-ਾਵਾ ਕੁਝ ਸੂਝਵਾਨ ਵਿਅਕਤੀਆਂ ਨੇ ਬੱਚਿਆਂ ਹੱਥੋਂ ਤੇਜ ਚਾਈਨਾ ਰੂਪੀ ਡੋਰ ਖੋਹ ਕੇ ਉਸਨੂੰ ਨਸ਼ਟ ਵੀ ਕੀਤਾ ਜੋ ਚੰਗੀ ਗੱਲ ਸੀ ਇਹ ਤਾਂ ਦੋ ਚਾਰ ਕੁ ਪ੍ਰਮੁੱਖ ਘਟਨਾਵਾਂ ਅੱਜ ਲੋਹੜੀ ਦੇ ਦਿਨ ਚੜੇ ਪਤੰਗਾਂ ਦੇ ਵਿੱਚ ਵਰਤੀ ਡੋਰ ਦੀਆਂ ਹਨ ਸਮੁੱਚੇ ਪੰਜਾਬ ਵਿੱਚੋਂ ਹੋਰ ਪਾਸੇ ਵੀ ਇਹ ਘਟਨਾਵਾਂ ਜਰੂਰ ਵਾਪਰੀਆਂ ਹੋਣਗੀਆਂ। ਆਸ ਕਰਦੇ ਹਾਂ ਕਿ ਇਹ ਡੋਰ ਰੂਪੀ ਘਟਨਾਵਾਂ ਦਾ ਜ਼ੁਲਮ ਇਨਸਾਨਾਂ ਜਾਨਵਰਾਂ ਪਸ਼ੂ ਪੰਛੀਆਂ ਉੱਤੇ ਨਾ ਹੋਵੇ ਪਰ ਸਮਝ ਨਹੀਂ ਆ ਰਹੀ ਕਿਉਂ ਇਹ ਲੋਕ ਆਪਣੇ ਪਤੰਗਬਾਜ਼ੀ ਦੇ ਸ਼ੌਂਕ ਨੂੰ ਪੂਰਾ ਕਰਨ ਲਈ ਲੋਕਾਂ ਦੀਆਂ ਜਾਨਾਂ ਨਾਲ ਖੇਡ ਰਹੇ ਹਨ ਜੇਕਰ ਦੇਖਿਆ ਜਾਵੇ ਤਾਂ ਪੰਜਾਬ ਪੁਲਿਸ ਨੇ ਸਮੁੱਚੇ ਪੰਜਾਬ ਵਿੱਚ ਸਖਤੀ, ਇਸ ਡੋਰ ਪ੍ਰਤੀ ਕੀਤੀ ਹੋਈ ਹੈ ਤੇ ਡੋਰ ਨੂੰ ਫੜਾਉਣ ਵਾਲੇ ਲਈ ਇਨਾਮ ਵੀ ਹੈ ਪਰ ਫਿਰ ਵੀ ਪਤਾ ਨਹੀਂ ਇਹ ਡੋਰ ਕਿਧਰੋਂ ਕਿਵੇਂ ਲੋਕਾਂ ਦੇ ਕੋਲ ਕਿਹੜੇ ਦੁਕਾਨਦਾਰਾਂ ਰਾਹੀਂ ਪੁੱਜਦੀ ਹੈ।ਭਾਈ ਅੱਜ ਤਾਂ ਲੋਹੜੀ ਮੌਕੇ ਸ਼ੁਰੂਆਤ ਵਿੱਚ ਹੀ ਇਸ ਖ਼ੂਨੀ ਡੋਰ ਦਾ ਜ਼ੁਲਮੀ ਕਹਿਰ ਸਾਹਮਣੇ ਆ ਗਿਆ ਹਾਲੇ ਜਦੋਂ ਪਤੰਗਾਂ ਦਾ ਸੀਜ਼ਨ ਚਲਣਾ ਹੈ ਫਿਰ ਕੀ ਹੋਵੇਗਾ ਕਿਉਂ ਪਤੰਗਬਾਜ਼ੀ ਦੇ ਸ਼ੌਂਕ ਖਾਤਰ ਗਲਤ ਡੋਰ ਵਰਤ ਕੇ ਲੋਕਾਂ ਦੀਆਂ ਜਾਨਾਂ ਲੈ ਰਹੇ ਹੋ। ਜੇ ਅੱਜ ਇਹ ਡੋਰ ਕਿਸੇ ਦੇ ਗਲ਼ ਵਿੱਚ ਪਈ ਹੈ ਤਾਂ ਕੱਲ ਨੂੰ ਤੁਹਾ-ਡੇ ਸਾਡੇ ਗਲ਼ ਵੀ ਪੈ ਸਕਦੀ ਹੈ ਸਾਵਧਾਨ!





# ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਸਰਕਲ ਅੱਪਰਾ ਨੇ ਕੇਂਦਰ ਸਰਕਾਰ ਖਿਲਾਫ਼ ਰੋਸ ਪ੍ਰਦਰਸ਼ਨ ਕਰਦੇ ਹੋਏ ਕੀਤੀ ਨਾਅਰੇਬਾਜ਼ੀ

**ਫਿਲੌਰ/ਅੱਪਰਾ (ਦੀਪਾ)**-ਫ਼ਸਲਾਂ ਦੇ ਉੱਪਰ ਘੱਟੋ ਘੱਟ ਸਮਰਥਨ ਮੁੱਲ ਉੱਪਰ ਕੋਈ ਵੀ ਗਰੰਟੀ ਦੇਣ ਨੂੰ ਨਾ ਮੰਨਣ ਕਾਰਣ ਅੱਜ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਸਰਕਲ ਅੱਪਰਾ ਨੇ ਟੈਕਸੀ ਯੂਨੀਅਨ ਅੱਪਰਾ ਤੇ ਸਮੂਹ ਬੱਸ ਡਰਾਇਵਰਾਂ ਦੇ ਨਾਲ ਮਿਲਕੇ ਸਥਾਨਕ ਬੱਸ ਅੱਡਾ ਅੱਪਰਾ ਵਿਖੇ ਕੇਂਦਰ ਸਰਕਾਰ ਖਿਲਾਫ਼ ਜੰਮ ਕੇ ਰੋਸ ਪ੍ਰਦਰਸ਼ਨ ਕਰਦੇ ਹੋਏ ਕੀਤੀ ਨਾਅਰੇਬਾਜ਼ੀ ਤੇ ਕੇਂਦਰ ਦੇ ਤਿੰਨ ਖੇਤੀ ਨਾਲ ਸੰਬਧਿਤ ਕਾਲੇ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ । ਇਸ ਮੌਕੇ ਬੋਲਦਿਆਂ ਸਮੂਹ ਅਹੁਦੇਦਾਰਾਂ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਅੜੀਅਲ ਰਵੱਈਆ ਇਹ ਦਰਸਾਉਂਦਾ ਹੈ ਕਿ ਉਹ ਦੇਸ਼ ਦੀ ਆਰਥਿਕਤਾ ਦੀ ਧੁਰੀ ਕਿਸਾਨੀ ਵਰਗ ਨੂੰ ਖਤਮ ਕਰਕੇ ਦੇਸ਼ ਨੂੰ ਵੀ ਪਿਛਾਂਹ ਲਿਜਾਣਾ ਚਾਹੁੰਦੀ ਹੈ । ਉਨਾਂ ਅੱਗੇ ਕਿਹਾ ਕਿ ਇੱਕ ਪਾਸੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ 48ਵੇਂ ਦਿਨ 'ਚ ਦਾਖਲ ਹੋ ਚੁੱਕਾ ਹੈ, ਉੱਥੇ ਹੀ ਕੇਂਦਰ ਸਰਕਾਰ ਦਾ ਨਾ ਪੱਖੀ ਰਵੱਈਆ ਇਸਦੇ ਤਾਨਾਸ਼ਾਹੀ ਸ਼ਾਸ਼ਨ ਨੂੰ ਦਰਸਾਉਂਦਾ ਹੈ । ਇਸ ਮੌਕੇ ਉਕਤ ਆਗੂਆਂ ਤੇ ਕਿਸਾਨ ਵੀਰਾਂ ਨੇ ਕੇਂਦਰ ਸਰਕਾਰ ਖਿਲਾਫ਼ ਜੰਮ ਕੇ ਰੋਸ ਪ੍ਰਦਰਸ਼ਨ ਤੇ ਨਾਅਰੇਬਾਜ਼ੀ ਕੀਤੀ । ਇਸ ਮੌਕੇ ਤਲਵਿੰਦਰ ਸਿੰਘ ਸਮਰਾੜੀ ਪ੍ਰਧਾਨ ਭਾਕਿਯੂ (ਸਿੱਧੂਪੁਰ) ਸਰਕਲ ਅੱਪਰਾ, ਅਮਰਜੀਤ ਸਿੰਘ ਕਟਾਣਾ, ਕੁਲਦੀਪ ਸਿੰਘ ਜੌਹਲ, ਜਸਵਿੰਦਰ ਸਿੰਘ ਪੀਟਾ, ਕੁਲਵਿੰਦਰ ਸਿੰਘ ਸਮਰਾੜੀ, ਮਨਦੀਪ ਸਿੰਘ ਸਮਰਾੜੀ, ਇੰਦਰਪਾਲ ਸਿੰਘ ਜੌਹਲ ਤੇ ਹੋਰ ਕਿਸਾਨ ਵੀਰ ਹਾਜ਼ਰ ਸਨ ।



# ਸਵਾਮੀ ਵਿਵੇਕਾਨੰਦ ਜੀ ਦੇ ਜਨਮ ਦਿਵਸ ਨੂੰ ਸਮਰਪਿਤ 'ਨੈਸ਼ਨਲ ਯੁਵਾ ਦਿਵਸ' ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਵਿਖੇ ਮਨਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਵਾਮੀ ਵਿਵੇਕਾਨੰਦ ਜੀ ਦੇ ਜਨਮ ਦਿਵਸ ਨੂੰ ਸਮਰਪਿਤ, ਨੈਸ਼ਨਲ ਯੁਵਾ ਦਿਵਸ, ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਵਿਖ਼ੇ ਡਾ. ਮਹਿਮਾ ਮਨਹਾਸ, ਮੈਡੀਕਲ ਅਫ਼ਸਰ ਜੀ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ।ਜਿਸ ਵਿੱਚ ਮੈਨੇਜਰ ਨਿਸ਼ਾ ਰਾਣੀ, ਪ੍ਰਸ਼ਾਂਤ ਆਦਿਆ ਕਾਉਂਸਲਰ, ਰਜਵਿੰਦਰ ਕੌਰ ਕਾਉਂਸਲਰ, ਸੰਦੀਪ ਪਾਲ, ਅਲਕਾ ਹਾਜ਼ਿਰ ਸਨ। ਇਸ ਮੌਕੇ ਮਰੀਜ਼ਾਂ ਦੀਆਂ ਕਈ ਵਿਰਾਸਤੀ ਖੇਡਾਂ, ਗਤੀਵਿਧਿਆਂ, ਭੰਗੜਾ, ਗੀਤ ਆਦਿ ਕਰਵਾਏ ਗਏ।ਡਾ. ਮਹਿਮਾ ਮਨਹਾਸ ਐਮ.ਓ. ਵਲੋਂ ਸਾਰਿਆਂ ਦੀ ਸ਼ਾਲਾਘਾ ਕੀਤੀ ਅਤੇ ਨਸ਼ਾ ਮੁਕਤ ਰਹਿਣ ਦਾ ਅਸ਼ੀਰਵਾਦ ਦਿੱਤਾ।



## ਪੁਲਿਸ ਪ੍ਰਸ਼ਾਸਨ ਦੀ ਮਦਦ ਨਾਲ ਸਰਬੱਤ ਦਾ ਭਲਾ ਟਰੱਸਟ ਦੇ ਮੈਂਬਰਾਂ ਨੇ ਵਾਹਨਾਂ 'ਤੇ ਰਿਫਲੈਕਟਰ ਲਗਾਏ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਠੰਢ ਅਤੇ ਧੁੰਦ ਦੇ ਮੌਸਮ ਦੇ ਮੱਦੇਨਜ਼ਰ ਸਰਬੱਤ ਦਾ ਭਲਾ ਟਰੱਸਟ ਵੱਲੋਂ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਅੱਜ ਮਹਾਰਾਣਾ ਪ੍ਰਤਾਪ ਚੌਕ ਵਿੱਚ ਵਾਹਨਾਂ, ਰੇਹੜੀ ਵਾਲਿਆਂ ਅਤੇ ਟਰੈਕਟਰ ਟਰਾਲੀਆਂ 'ਤੇ ਰਿਫਲੈਕਟਰ ਲਗਾਏ ਗਏ। ਟਰੱਸਟ ਦੇ ਮੁਖੀ ਅਗਿਆਪਾਲ ਸਿੰਘ ਸਾਹਨੀ ਨੇ ਦੱਸਿਆ ਕਿ ਲੋਕਾਂ ਦੀਆਂ ਕੀਮਤੀ ਜਾਨਾਂ ਦੀ ਰਾਖੀ ਲਈ ਦਸ ਹਜ਼ਾਰ ਰਿਫਲੈਕਟਰ ਲਗਾਉਣ ਦਾ ਟੀਚਾ ਮਿਥਿਆ ਗਿਆ ਹੈ। ਉਨ੍ਹਾਂ ਕਿਹਾ ਕਿ ਟਰੱਸਟ ਦੇ ਮੁੱਖ ਡਾਕਟਰ ਐਸਪੀ ਸਿੰਘ ਓਬਰਾਏ ਸਮਾਜ ਸੇਵਾ ਲਈ ਹਮੇਸ਼ਾ ਹਾਜ਼ਰ ਰਹਿੰਦੇ ਹਨ ਅਤੇ ਉਨ੍ਹਾਂ ਨੇ ਇਹ ਦਸ ਹਜ਼ਾਰ ਰਿਫਲੈਕਟਰ ਵਾਹਨਾਂ ਵਿੱਚ ਲਗਾਉਣ ਲਈ ਵੀ ਮੁਹੱਈਆ ਕਰਵਾਏ ਹਨ। ਅੱਜ ਇਸ ਮੌਕੇ ਪ੍ਰਧਾਨ ਅਗਿਆਪਾਲ ਸਿੰਘ ਸਾਹਨੀ, ਸਕੱਤਰ ਅਵਤਾਰ ਸਿੰਘ, ਸੀਨੀਅਰ ਮੀਤ ਪ੍ਰਧਾਨ ਬਲਰਾਮ ਸਿੰਘ ਰੰਧਾਵਾ, ਦਿਲਰਾਜ ਸਿੰਘ, ਪਰਸ਼ੋਤਮ ਸੈਣੀ, ਰਾਕੇਸ਼ ਭਾਰਗਵ, ਮਨਜੀਤ ਸਿੰਘ ਜੰਡਾ, ਐਸ.ਆਈ ਪਰਮਜੀਤ ਸਿੰਘ, ਐਸ.ਆਈ ਅਮਰਜੀਤ ਸਿੰਘ, ਏ.ਐਸ.ਆਈ ਤਜਿੰਦਰ ਕੌਰ, ਮਨੋਹਰ ਚੰਦ, ਰਛਪਾਲ ਸਿੰਘ, ਦੇਸ ਰਾਜ, ਰਾਮ ਲੁਭਾਇਆ, ਕਾਂਸਟੇਬਲ ਸ਼ਮਸ਼ੇਰ ਸਿੰਘ ਆਦਿ ਹਾਜ਼ਰ ਸਨ।

## ਸਿਵਲ ਸਰਜਨ ਦਫਤਰ ਵਿਖੇ ਅਲਟਰਾਸਾਊਂਡ ਇਮਪੈਨਲ ਡਾਇਗਨੋਸਟਿਕ ਸੈਂਟਰਾਂ ਦੀ ਰਿਵਿਊ ਮੀਟਿੰਗ ਕੀਤੀ ਗਈ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾਕਟਰ ਜਸਪ੍ਰੀਤ ਕੌਰ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮਾਂਸ ਮੀਡੀਆ ਵਿੰਗ ਦੇ ਸੈਮੀਨਾਰ ਹਾਲ ਵਿਖੇ ਅਲਟਰਾ ਸਾਊਂਡ ਇਮਪੈਨਲਡ ਡਾਇਗਨੋਸਟਿਕ ਸੈਂਟਰਾਂ ਦੀ ਰਿਵਿਊ ਮੀਟਿੰਗ ਲਈ ਗਈ ।ਇਸ ਮੀਟਿੰਗ ਵਿੱਚ ਪ੍ਰੋਗਰਾਮ ਅਫਸਰ ਡਾਕਟਰ ਰੇਨੂ ਮਿੱਤਲ ਅਤੇ ਡੀ ਐਮ ਸੀ ਡਾਕਟਰ ਹਰਪ੍ਰੀਤ ਸਿੰਘ ਅਤੇ ਸੀਨੀਅਰ ਮੈਡੀਕਲ ਅਫਸਰ ਇਚਾਰਜ ਬੰਗਾ ਡਾਕਟਰ ਜਸਵਿੰਦਰ ਸਿੰਘ ਅਤੇ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀ ਐਸ ਸੀ ਮੁਕੰਦਪੁਰ ਡਾਕਟਰ ਜਤਿੰਦਰ ਸਿੰਘ ਜੀ ਵੱਲੋਂ ਖਾਸ ਤੌਰ ਤੇ ਭਾਗ ਲਿਆ ਗਿਆ ।ਸਿਵਿਲ ਸਰਜਨ ਡਾਕਟਰ ਜਸਪ੍ਰੀਤ ਕੌਰ ਜੀ ਨੇ ਕਿਹਾ ਕਿ ਇਮਪੈਨਲਡ ਡਾਇਗ-ਨੋਸਟਿਕ ਸੈਂਟਰਾਂ ਦੇ ਬਿੱਲ ਅਤੇ ਉਹਨਾਂ ਦੀਆਂ ਰਿਪੋਰਟਾਂ ਨੂੰ ਚੈੱਕ ਕਰਨਾ ਯਕੀਨੀ ਬਣਾਇਆ ਜਾਵੇ।

## ਨਗਰ ਨਿਗਮ ਰਿਟਾਇਰਡ ਕਰਮਚਾਰੀ ਯੂਨੀਅਨ ਨੇ ਨਿਗਮ ਵਿੱਚ ਲੋਹੜੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਮਿਊਂਸੀਪਲ ਰਿਟਾਇਰਡ ਇੰਪਲਾਈਜ਼ ਯੂਨੀਅਨ ਵੱਲੋਂ ਅੱਜ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਲੋਹੜੀ ਮੌਕੇ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ। ਇਹ ਪ੍ਰੋਗਰਾਮ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਜੁਆਇੰਟ ਕਮਿਸ਼ਨਰ ਸੰਦੀਪ ਤਿਵਾੜੀ, ਐਮਟੀਪੀ ਲਖਬੀਰ ਸਿੰਘ, ਐਕਸੀਅਨ ਕੁਲਦੀਪ ਸਿੰਘ ਅਤੇ ਹਰਪ੍ਰੀਤ ਸਿੰਘ ਤੋਂ ਇਲਾਵਾ ਯੂਨੀਅਨ ਦੇ ਸਰਪ੍ਰਸਤ ਸੰਜੀਵ ਅਰੋੜਾ, ਚੇਅਰਮੈਨ ਕੁਲਵੰਤ ਸਿੰਘ ਸੈਣੀ ਅਤੇ ਪ੍ਰਧਾਨ ਨਛੱਤਰ ਲਾਲ ਦੀ ਅਗਵਾਈ ਹੇਠ ਕਰਵਾਇਆ ਗਿਆ। ਹੋਰ ਅਧਿਕਾਰੀ ਹਾਜ਼ਰ ਸਨ। ਇਸ ਮੌਕੇ ਸੰਜੀਵ ਅਰੋੜਾ ਨੇ ਆਏ ਮਹਿਮਾਨਾਂ ਅਤੇ ਯੂਨੀਅਨ ਮੈਂਬਰਾਂ ਦਾ ਸਵਾਗਤ ਕਰਦਿਆਂ ਲੋਹੜੀ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਨਗਰ ਨਿਗਮ ਵੱਲੋਂ ਚਲਾਈ ਜਾ ਰਹੀ ਜਾਗਰੂਕਤਾ ਅਤੇ ਸਫ਼ਾਈ ਮੁਹਿੰਮ ਵਿੱਚ ਯੂਨੀਅਨ ਪੂਰਾ ਸਹਿਯੋਗ ਦੇਵੇਗੀ ਅਤੇ ਉਨ੍ਹਾਂ ਨੇ ਮੇਅਰ ਅਤੇ ਅਧਿਕਾਰੀਆਂ ਨੂੰ ਭਰੋਸਾ ਦਿੱਤਾ ਕਿ ਜਿੱਥੇ ਵੀ ਨਿਗਮ ਨੂੰ ਯੂਨੀਅਨ ਦੀ ਲੋੜ ਹੋਵੇਗੀ, ਉਸ ਦੇ ਸਮੂਹ ਮੈਂਬਰ ਸਰਬਸੰਮਤੀ ਨਾਲ ਸਹਿਯੋਗ ਕਰਨਗੇ। ਇਸ ਤੋਂ ਇਲਾਵਾ ਉਨ੍ਹਾਂ ਲੜਕਿਆਂ ਦੇ ਨਾਲ-ਨਾਲ ਲੜਕੀਆਂ ਦੀ ਵੀ ਲੋਹੜੀ ਮਨਾਉਣ 'ਤੇ ਜ਼ੋਰ ਦਿੱਤਾ। ਇਸ ਮੌਕੇ ਚੇਅਰਮੈਨ ਕੁਲਵੰਤ ਸਿੰਘ ਸੈਣੀ ਨੇ ਵੀ ਲੋਹੜੀ ਦੀ ਵਧਾਈ ਦਿੱਤੀ ਅਤੇ ਯੂਨੀਅਨ ਦੇ ਕੰਮਾਂ ਅਤੇ ਮੰਗਾਂ ਬਾਰੇ ਜਾਣੂ ਕਰਵਾਇਆ ਕ ਪ੍ਰਧਾਨ ਨਛੱਤਰ ਲਾਲ ਨੇ ਧੀਆਂ ਦੀ ਲੋਹੜੀ ਤੇ ਗੀਤ ਗਾ ਕੇ ਪ੍ਰੋਗਰਾਮ ਦੀ ਰੌਣਕ ਵਧਾ ਦਿੱਤੀ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ ਨੇ ਯੂਨੀਅਨ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਦੋਂ ਵੀ ਕਈ ਤਕਨੀਕੀ ਕੰਮ ਅਟਕ ਜਾਂਦੇ ਹਨ ਤਾਂ ਤਜ਼ਰਬਾ ਕੰਮ ਆਉਂਦਾ ਹੈ ਅਤੇ ਸੇਵਾਮੁਕਤ ਕਰਮਚਾਰੀ ਸਾਡੀ ਰੀੜ੍ਹ ਦੀ ਹੱਡੀ ਹਨ ਅਤੇ ਜਿੱਥੇ ਵੀ ਨਿਗਮ ਨੂੰ ਲੋੜ ਮਹਿਸੂਸ ਹੋਵੇਗੀ, ਉਨ੍ਹਾਂ ਦੀਆਂ ਸੇਵਾਵਾਂ ਲਈਆਂ ਜਾਣਗੀਆਂ। ਉਨ੍ਹਾਂ ਧੀਆਂ ਦੀ ਲੋਹੜੀ ਮਨਾਉਣ ਅਤੇ ਉਨ੍ਹਾਂ ਨੂੰ ਪੂਰਾ ਹੱਕ ਦੇਣ 'ਤੇ ਵੀ ਜ਼ੋਰ ਦਿੱਤਾ। ਇਸ ਦੌਰਾਨ ਯੂਨੀਅਨ ਦੀ ਤਰਫੋਂ ਆਏ ਮਹਿਮਾਨਾਂ ਨੂੰ ਗੁਲਾਬ ਦੇ ਫੁੱਲ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਲਵਿੰਦਰ ਸਿੰਘ, ਕੇਵਲ ਲਾਲ ਹੀਰ, ਹਰਮੇਸ਼ ਕੁਮਾਰ, ਸੀਤਾ ਰਾਮ, ਨਰੇਸ਼ ਕੁਮਾਰ, ਮਦਨ ਲਾਲ, ਵਿਜੇ, ਦਸ਼ਰਥ ਲਾਲ, ਸੁਰਜੀਤ ਲਾਲ, ਸੁਰਜੀਤ ਬਹਿਲ, ਅਸ਼ਵਨੀ ਕੁਮਾਰ, ਲਾਲ ਸਿੰਘ, ਅਸ਼ਵਨੀ ਕੁਮਾਰ, ਸਤੀਸ਼ ਕੁਮਾਰ, ਅਮਰਜੀਤ ਸਿੰਘ, ਹਰਜਿੰਦਰ ਸਿੰਘ ਅਤੇ ਸੁਸ਼ੀਲ ਕੁਮਾਰ ਹਾਜ਼ਰ ਸਨ।

## ਚਾਈਨਾ ਡੋਰ ਜਿੱਥੇ ਪੰਛੀਆਂ ਲਈ ਘਾਤਕ ਹੈ ਉਥੇ ਇਨਸਾਨਾ ਲਈ ਵੀ ਬੇਹੱਦ ਘਾਤਕ ਹੈ : ਸੰਤ ਬਾਬਾ ਸਤਰੰਜਨ ਸਿੰਘ ਧੁੱਗਿਆਂ ਵਾਲੇ



**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਹਰੇਕ ਸਾਲ ਬਸੰਤ ਦੇ ਤਿਉਹਾਰ ਨੂੰ ਮੁੱਖ ਰੱਖਦਿਆਂ ਵੱਡੇ ਪੱਧਰ ਤੇ ਪਤੰਗ ਉੜਾਏ ਜਾਂਦੇ ਹਨ ਤੇ ਇਹ ਜੋ ਪਤੰਗ ਉੜਾਏ ਜਾਂਦੇ ਹਨ ਉਹ ਲੱਗਭਗ ਚਾਈਨਾ ਡੋਰ ਨਾਲ ਹੀ ਉਡਾਏ ਜਾਂਦੇ ਹਨ ਇਹ ਡੋਰ ਜਿੱਥੇ ਪੰਛੀਆਂ ਲਈ ਘਾਤਕ ਹੈ ਉਥੇ ਇਨਸਾਨ ਲਈ ਬੇਹੱਦ ਘਾਤਕ ਹੈ ! ਇਹਨਾਂ ਗੱਲਾਂ ਦਾ ਪ੍ਰਗਟਾਵਾ ਨਜ਼ਦੀਕੀ ਪਿੰਡ ਧੁੱਗਾ ਦੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸਤਰੰਜਨ ਸਿੰਘ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ। ਉਹਨਾ ਕਿਹਾ ਕਿ ਆਮ ਤੌਰ ਤੇ ਤੁਸੀਂ ਸੋਸ਼ਲ ਮੀਡੀਆ ਤੇ ਇਸ ਤਰ੍ਹਾਂ ਦੀਆਂ ਖਬਰਾਂ ਦੇਖਦੇ ਹੋ ਕਿ ਇਸ ਡੋਰ ਨਾਲ ਪੰਛੀਆਂ ਦੇ ਨਾਲ ਨਾਲ ਇਨਸਾਨ ਵੀ ਜਖਮੀ ਹੋ ਰਹੇ ਹਨ ਅਤੇ ਕਈ ਤਾ ਆਪਣੀ ਜਾਨ ਤੋਂ ਵੀ ਹੱਥ ਧੋ ਬੈਠੇ ਹਨ ਪਰ ਸਰਕਾਰ ਅਤੇ ਸਿਵਲ ਪ੍ਰਸ਼ਾਸਨ ਇਸ ਮਸਲੇ ਪ੍ਰਤੀ ਗੰਭੀਰ ਨਹੀਂ ਲੱਗਦਾ ਉਹਨਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਚਾਈਨਾ ਡੋਰ ਤੇ ਸਖਤ ਪਾਬੰਦੀ ਲਗਾਈ ਜਾਵੇ ਅਤੇ ਡੋਰ ਵੇਚਣ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਉਹਨਾਂ ਕਿਹਾ ਕਿ ਅਗਰ ਇੱਕ ਰਾਤ ਵਿਚਕਾਰ ਨੋਟਬੰਦੀ ਹੋ ਸਕਦੀ ਹੈ ਤਾਂ ਨਸ਼ਾ ਅਤੇ ਚਾਈਨਾ ਡੋਰ ਕਿਉਂ ਨਹੀਂ ਬੰਦ ਹੋ ਸਕਦੀ ਉਹਨਾਂ ਕਿਹਾ ਕਿ ਸਰਕਾਰ ਇਸ ਸਮੱਸਿਆ ਵੱਲ ਉਚੇਚੇ ਤੌਰ ਤੇ ਧਿਆਨ ਦੇਵੇ ਉਹਨਾਂ ਕਿਹਾ ਕਿ ਲੋਹੜੀ ਤੇ ਬਸੰਤ ਪੰਚਮੀ ਦੇ ਤਿਉਹਾਰ ਆਉਣ ਕਰਕੇ ਜਿੱਥੇ ਬੱਚਿਆਂ ਤੇ ਨੌਜਵਾਨ ਪੀੜੀ ਵੱਲੋਂ ਪਤੰਗਬਾਜ਼ੀ ਕੀਤੀ ਜਾਂਦੀ ਹੈ ਉੱਥੇ ਹੀ ਚੰਦ ਪੈਸਿਆਂ ਦੇ ਕਰਕੇ ਦੁਕਾਨਦਾਰ ਚਾਈਨਾ ਡੋਰ ਵੇਚ ਕੇ ਅਮੀਰ ਬਣਨ ਦੀ ਕੋਸ਼ਿਸ਼ ਕਰਦੇ ਹਨ ਜਦਕਿ ਚਾਈਨਾ ਡੋਰ ਇੱਕ ਘਾਤਕ ਡੋਰ ਹੋਣ ਕਰਕੇ ਇਨਸਾਨ ਪਸ਼ੂ ਤੇ ਪੰਛੀਆਂ ਨੂੰ ਵੀ ਇਸਦਾ ਸ਼ਿਕਾਰ ਹੋਣਾ ਪੈਂਦਾ ਹੈ। ਉਹਨਾਂ ਕਿਹਾ ਕਿ ਪਿੰਡਾਂ ਕਸਬਿਆਂ ਅਤੇ ਸ਼ਹਿਰਾਂ ਵਿੱਚ ਇਹ ਜਾਨ ਲੇਵਾ ਡੋਰ ਜਿਹੜੀ ਕਿ ਲੋਕਾਂ ਦੇ ਗਲੇ ਵੱਢ ਰਹੀ ਹੈ ਅਤੇ ਪਸ਼ੂ ਤੇ ਪੰਛੀ ਵੀ ਇਸ ਦੀ ਚਪੇੜ ਚ ਆ ਰਹੇ ਹਨ। ਉਹਨਾਂ ਪ੍ਰਸ਼ਾਸਨ ਤੋਂ ਪੁਰਜ਼ੋਰ ਮੰਗ ਕੀਤੀ ਕਿ ਚਾਈਨਾ ਡੋਰ ਵੇਚਣ ਵਾਲਿਆਂ ਨੂੰ ਜਲਦੀ ਨੱਥ ਪਾਈ ਜਾਵੇ ਤਾਂ ਕਿ ਜਾਨ ਮਾਲ ਦਾ ਨੁਕਸਾਨ ਹੋਣ ਤੋਂ ਬਚਾਇਆ ਜਾ ਸਕੇ ਉਹਨਾਂ ਨੇ ਲੋਕਾਂ ਤੋਂ ਵੀ ਉਮੀਦ ਕੀਤੀ ਕਿ ਉਹ ਇਹ ਚਾਈਨਾ ਡੋਰ ਨਾ ਖਰੀਦਣ ਉਹਨਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪ ਹੀ ਅੱਗੇ ਆ ਕੇ ਚਾਈਨਾ ਡੋਰ ਨੂੰ ਬੰਦ ਕਰਵਾਉਣ ਦਾ ਕੰਮ ਕਰਨਾ ਚਾਹੀਦਾ ਹੈ ਤਾਂ ਕਿ ਸਾਡੇ ਬੱਚਿਆਂ ਦੀ ਰਾਖੀ ਹੋ ਸਕੇ ਉਹਨਾਂ ਪ੍ਰਸ਼ਾਸਨ ਨੂੰ ਕਿਹਾ ਕਿ ਅਗਰ ਕੋਈ ਡੋਰ ਵੇਚਦਾ ਜਾ ਖਰੀਦਦਾ ਫੜਿਆ ਗਿਆ ਤਾਂ ਉਸ ਦੇ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਉਹਨਾਂ ਕਿਹਾ ਕਿ ਪਹਿਲਾਂ ਹੀ ਪੰਜਾਬ ਵਿੱਚ ਨਸ਼ਿਆਂ ਨੇ ਪੰਜਾਬ ਦੀ ਜਵਾਨੀ ਨੂੰ ਖਾ ਲਿਆ ਹੈ ਉਤੋਂ ਰਹਿੰਦੀ ਕਸਰ ਚਾਈਨਾ ਡੋਰ ਵਿੱਚੋਂ ਵਾਲੇ ਕੱਢ ਰਹੇ ਹਨ।

# ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਨਵਾਂਸ਼ਹਿਰ ਦੀ ਮੀਟਿੰਗ ਵਿਚ ਕਹਾਣੀਕਾਰ ਬਲਦੇਵ ਢੀਂਡਸਾ ਦੀ ਸਿਰਜਣ ਪ੍ਰਕਿਰਿਆ 'ਤੇ ਹੋਈ ਚਰਚਾ

**ਬੰਗਾ(ਚਰਨਜੀਤ ਸੱਲ੍ਹਾ)**- ਸ਼ਹੀਦ ਭਗਤ ਸਿੰਘ ਯਾਦਗਾਰੀ ਸਮਾਰਕ ਖਟਕੜ ਕਲਾਂ ਵਿਖੇ ਹੋਈ ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਬੰਗਾ ਦੀ ਮਹੀਨਾਵਾਰ ਮੀਟਿੰਗ ਵਿਚ ਕਹਾਣੀਕਾਰ ਬਲਦੇਵ ਢੀਂਡਸਾ ਹੋਰਾਂ ਦੀ ਸਿਰਜਣ ਪ੍ਰਕਿਰਿਆ ਬਾਰੇ ਨਿੱਠ ਕੇ ਚਰਚਾ ਹੋਈ । ਮਹਿੰਦਰ ਸਿੰਘ ਦੋਸਾਂਝ ਹੋਰਾਂ ਵੱਲੋਂ ਬਲਦੇਵ ਢੀਂਡਸਾ ਹੋਰਾਂ ਵੱਲੋਂ ਲਿਖੀ ਕਹਾਣੀ ਚੱਕਰਵਿਊ ਜੋ ਕਿ ਪੇਂਡੂ ਕਿਸਾਨੀ ਸਮੱਸਿਆਵਾਂ ਨੂੰ ਚਿਤਵਦੀ ਹੈ ਦੇ ਵੱਖ ਵੱਖ ਪਹਿਲੂਆਂ ਨੂੰ ਉਜਾਗਰ ਕੀਤਾ ਗਿਆ । ਉਨ੍ਹਾਂ ਕਿਹਾ ਕਿ ਸਮੂਹ ਕਿਸਾਨ ਜਥੇਬੰਦੀਆਂ ਅਤੇ ਖੇਤੀ ਵਿਗਿਆਨੀਆਂ ਨੂੰ ਵੀ ਇਹ ਕਹਾਣੀ ਜ਼ਰੂਰ ਪੜ੍ਹਨੀ ਚਾਹੀਦੀ । ਉਨ੍ਹਾਂ ਦੀ ਕਹਾਣੀ ਹਾਥੀ ਦੇ ਦੰਦ ਵਿਚਲੇ ਕਾਮਰੇਡ ਪਾਤਰ ਨੂੰ ਹਾਜ਼ਰ ਸਾਥੀਆਂ ਵੱਲੋਂ ਸਰਾਹਿਆ ਗਿਆ । ਹੋਰ ਕਹਾਣੀਆਂ ਦੇ ਵੱਖ ਵੱਖ ਪੱਖਾਂ ਬਾਰੇ ਵੀ ਵਿਚਾਰਾਂ ਕੀਤੀਆਂ ਗਈਆਂ ।ਬਲਦੇਵ ਢੀਂਡਸਾ ਹੋਰਾਂ ਨੇ ਕਿਹਾ ਕਿ ਉਹ ਅਜਿਹੀ ਕਹਾਣੀ ਲਿਖਣ ਚ ਯਕੀਨ ਰੱਖਦੇ ਹਨ ਜੋ ਗੁੰਝਲਦਾਰ ਨਾ ਹੋ ਕੇ



ਸਿੱਧੀ ਦਿਲ ਚ ਉਤਰਦੀ ਹੋਵੇ ਅਤੇ ਪਾਠਕ ਨੂੰ ਹਲੂਣਾ ਦਵੇ । ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਸਮਾਜ ਨੂੰ ਦਰਪੇਸ਼ ਹਰ ਤਰ੍ਹਾਂ ਦੀਆਂ ਔਕੜਾਂ ਉੱਤੇ ਕਹਾਣੀ ਲਿਖੀ ਹੈ । ਉਹ ਥੋੜ੍ਹਾ ਮਗਰ ਪਾਏਦਾਰ ਲਿਖਣ ਵਿਚ ਯਕੀਨ ਰੱਖਦੇ ਹਨ । ਹਾਜ਼ਰ ਸਾਥੀਆਂ ਵੱਲੋਂ ਉਨ੍ਹਾਂ ਕੋਲੋਂ ਪਾਤਰ ਰਚਨਾ ,ਕਹਾਣੀ ਦੇ ਪਲਾਟ ਅਤੇ ਕਥਾ ਰਸ ਬਾਰੇ ਸਵਾਲ ਪੁੱਛੇ ਗਏ ਜਿਨ੍ਹਾਂ ਦੇ ਉਨ੍ਹਾਂ ਵੱਲੋਂ ਤਸੱਲੀਬਖਸ਼ ਜਵਾਬ ਦਿੱਤੇ ਗਏ । ਸੰਘ ਵੱਲੋਂ ਸਰਕਾਰ ਨੂੰ ਇਹ ਅਪੀਲ ਕੀਤੀ ਗਈ ਕਿ ਢੀਂਡਸਾ ਹੋਰਾਂ ਦੀ ਕਹਾਣੀ ਚੱਕਰਵਿਊ ਨੂੰ ਕਾਲਜ ਦੇ ਪਾਠਕ੍ਰਮ ਦਾ ਹਿੱਸਾ ਜ਼ਰੂਰ ਬਣਾਇਆ ਜਾਵੇ । ਮੀਟਿੰਗ ਦੌਰਾਨ ਇਲਾਕੇ ਦੇ ਸਾਹਿਤਕ ਹਲਕਿਆਂ ਵਿਚ ਲੰਮਾ ਸਮਾਂ ਯੋਗਦਾਨ ਪਾਉਣ ਵਾਲੇ ਜੀ ਸੀ ਮੱਲ ਹੋਰਾਂ ਦੇ ਜੀਵਨ ਸਾਥਣ ਅਤੇ ਗੀਤਕਾਰ ਹਰਜਿੰਦਰ ਮੱਲ ਹੋਰਾਂ ਦੇ ਮਾਤਾ ਗੁਰਮੀਤ ਕੌਰ ਹੋਰਾਂ ਦੇ ਅਕਾਲ ਚਲਾਣੇ ਉੱਤੇ ਦੁੱਖ ਪ੍ਰਗਟ ਕਰਦੇ ਹੋਏ ਸ਼ੋਕ ਮਤਾ ਪਾਇਆ ਗਿਆ । ਇਸ ਦੌਰਾਨ ਦੌਰਾਨ ਦੀਪ ਕਲੇਰ, ਪਰਮਜੀਤ ਚਾਹਲ,ਹਰਜਿੰਦਰ ਮੱਲ, ਤਲਵਿੰਦਰ ਸ਼ੇਰਗਿੱਲ, ਸ਼ਿੰਗਾਰਾ ਲੰਗੇਰੀ, ਲਖਵੀਰ ਬੀਸਲਾ, ਕ੍ਰਿਸ਼ਨ ਹੀਓਂ, ਦੇਵ ਰਾਜ ਗੁਣਾਚੌਰ, ਖੁਸ਼ੀ ਰਾਮ ਗੁਣਾਚੌਰ, ਤੀਰਥ ਰਸੂਲਪੁਰੀ, ਜਸਪਾਲ ਹੀਓਂ ਅਤੇ ਹਰੀ ਰਾਮ ਰਸੂਲਪੁਰੀ ਹਾਜ਼ਰ ਰਹੇ। ਜ਼ਿਕਰਯੋਗ ਹੈ ਕਿ ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਨਵਾਂਸ਼ਹਿਰ ਦੀ ਮਹੀਨਾਵਾਰ ਮੀਟਿੰਗ ਹਰ ਮਹੀਨੇ ਦੇ ਦੂਜੇ ਸ਼ਨੀਵਾਰ ਸ਼ਹੀਦ ਭਗਤ ਸਿੰਘ ਯਾਦਗਾਰੀ ਸਮਾਗਮ ਖਟਕੜ ਕਲਾਂ ਵਿਖੇ ਕੀਤੀ ਜਾਂਦੀ ਹੈ ।

# ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਗੁਰੂ ਕਾਸ਼ੀ ਯੂਨੀਵਰਸਟੀ ਤਲਵੰਡੀ ਸਾਬੋ ਅਤੇ ਆਦੇਸ਼ ਮੈਡੀਕਲ ਯੂਨੀਵਰਸਟੀ ਬਠਿੰਡਾ ਵਿਖੇ ' ਭਾਸ਼ਾ ਵਹਿੰਦਾ ਦਰਿਆ ' ਨਾਟਕ ਮੰਚਨ ਅਤੇ ਸਭਿਆਚਾਰਕ ਪ੍ਰੋਗਰਾਮ 15 ਜਨਵਰੀ ਨੂੰ...

**(ਬਠਿੰਡਾ)** ਸਾਹਿਤ ਅਤੇ ਸਿਹਤ ਨੂੰ ਸਮਰਪਿਤ "ਵਿਸ਼ਵ ਪੰਜਾਬੀ ਸਭਾ (ਰਜਿ.) ਕੈਨੇਡਾ ਵੱਲੋਂ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਦੀ ਅਗਵਾਈ ਵਿੱਚ ਲੈਕਚਰਾਰ ਬਲਬੀਰ ਕੌਰ ਰਾਏਕੋਟੀ ਦੇ ਵਿਸ਼ੇਸ਼ ਉੱਦਮ ਸਦਕਾ, ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਲਗਾਤਾਰ 11 ਜਨਵਰੀ ਤੋਂ 17 ਜਨਵਰੀ 2025 ਤੱਕ ਪੰਜਾਬ ਦੇ ਵੱਖ ਵੱਖ ਨਗਰਾਂ ਵਿੱਚ ਕਰਵਾਏ ਜਾ ਰਹੇ ਸਭਿਆਚਾਰਕ ਸਮਾਗਮਾਂ ਦੀ ਕੜੀ ਵਜੋਂ 15 ਜਨਵਰੀ ਨੂੰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਗੁਰੂ ਕਾਸ਼ੀ ਯੂਨੀਵਰਸਟੀ ਦੇ ਸਹਿਯੋਗ ਨਾਲ ਯੂਨੀਵਰਸਟੀ ਦੇ ਐਡੀਟੋਰੀਅਮ ਹਾਲ ਵਿਚ ' ਭਾਸ਼ਾ ਵਹਿੰਦਾ ਦਰਿਆ ' ਨਾਟਕ ਮੰਚਨ ਤੇ ਸਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਜਾਵੇਗਾ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਡਾਕਟਰ ਇੰਦਰਜੀਤ ਸਿੰਘ ਵਾਇਸ ਚਾਂਸਲਰ ਗੁਰੂ ਕਾਸ਼ੀ ਯੂਨੀਵਰਸਟੀ ਤਲਵੰਡੀ ਸਾਬੋ ,ਵਿਸ਼ੇਸ਼ ਮਹਿਮਾਨ ਡਾਕਟਰ




ਪਿਯੂਸ਼ ਵਰਮਾ ਤੇ ਡਾਕਟਰ ਜੋਗਾ ਸਿੰਘ ਵਿਰਕ ਹੋਣਗੇ।ਪ੍ਰੋਗਰਾਮ ਦੀ ਪ੍ਰਧਾਨਗੀ ਡਾਕਟਰ ਦਲਬੀਰ ਸਿੰਘ ਕਥੂਰੀਆ ਕਰਨਗੇ। 15ਜਨਵਰੀ ਨੂੰ ਹੀ ਸ਼ਾਮ ,5:00ਵਜੇ ਤੋਂ 7:00 ਵਜੇ ਤੱਕ ਐਡੀਟੋਰੀਅਮ ਹਾਲ ਆਦੇਸ਼ ਮੈਡੀਕਲ ਯੂਨੀਵਰਸਟੀ ਵਿਖੇ ਨਾਟਕ "ਭਾਸ਼ਾ ਵਹਿੰਦਾ ਦਰਿਆ "ਦਾ ਮੰਚਨ ਤੇ ਸਭਿਆਚਾਰਕ ਪ੍ਰੋਗਰਾਮ ਡਾਕਟਰ ਐਸ ਐਸ ਗਿੱਲ ਚਾਂਸਲਰ ਆਦੇਸ਼ ਮੈਡੀਕਲ ਯੂਨੀਵਰਸਟੀ ਦੀ ਪ੍ਰਧਾਨਗੀ ਹੇਠ ਹੋਵੇਗਾ। ਇਸ ਮੌਕੇ ਡਾਕਟਰ ਦਲਬੀਰ ਸਿੰਘ ਕਥੂਰੀਆ ਅਤੇ ਡਾਕਟਰ ਜੋਗਾ ਵਿਰਕ ਵਿਸ਼ਵ ਪੰਜਾਬੀ ਸਭਾ ਵੱਲੋਂ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਨਗੇ। ਇਸ ਪ੍ਰੋਗਰਾਮ ਦੀ ਸਵਾਗਤੀ ਟੀਮ ਵਿਚ ਸਭਾ ਦੇ ਰਾਸ਼ਟਰੀ ਪ੍ਰਧਾਨ ਬਲਬੀਰ ਕੌਰ ਰਾਏਕੋਟੀ,ਡਾਕਟਰ ਕੁਲਵੰਤ ਸਿੰਘ ਡਿਪਟੀ ਰਜਿਸਟਰਾਰ ਆਦੇਸ਼ ਮੈਡੀਕਲ ਯੂਨੀਵਰਸਟੀ, ਸਭਾ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਜੀਤ ਅਤੇ ਸੀਨੀਅਰ ਮੀਤ ਪ੍ਰਧਾਨ ਦਵੀ ਸਿੱਧੂ ਸਮੇਤ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਬਠਿੰਡਾ ਇਕਾਈ ਦੇ ਸਮੂਹ ਮੈਂਬਰਾਨ ਸ਼ਾਮਲ ਰਹਿਣਗੇ। ਇਹ ਜਾਣਕਾਰੀ ਸਭਾ ਦੇ ਜ਼ਿਲ੍ਹਾ ਸਕੱਤਰ ਕੁਲਦੀਪ ਸਿੰਘ ਬੰਗੀ ਹੁਰਾਂ ਨੇ ਦਿੱਤੀ।

**ਅਮਰਜੀਤ ਸਿੰਘ ਜੀਤ**
**9417287122**

# ਠੰਡ ਦੇ ਮੌਸਮ ਨੂੰ ਧਿਆਨ ਵਿਚ ਰੱਖਦਿਆਂ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਨਹੀਂ ਵਰਤਣੀ ਚਾਹੀਦੀ : ਸੰਤ ਬਾਬਾ ਕੁਲਵੰਤ ਰਾਮ ਭਰੋਮਜਾਰਾ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਪਿਛਲੇ ਕਾਫੀ ਦਿਨਾਂ ਤੋ ਠੰਡ, ਧੁੰਦ ਅਤੇ ਠੰਡੀਆਂ ਹਵਾਵਾਂ ' ਬਹੁਤ ਹੀਂ ਤੇਜੀ ਨਾਲ ਚੱਲ ਰਹੀਆਂ ਹਨ ਜਿਸ ਕਰਕੇ ਠੰਡ ਨੇ ਹੁਣ ਪੂਰਾ ਜੋਰ ਫੜਿਆ ਹੋਇਆ ਹੈ ! ਇਸ ਸਬੰਧੀ ਡੇਰਾ 108 ਸੰਤ ਬਾਬਾ ਮੇਲਾ ਰਾਮ ਜੀ ਭਰੋਮਜਾਰਾ ਦੇ ਗੱਦੀ ਨਸ਼ੀਨ ਅਤੇ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ. ਪੰਜਾਬ ਦੇ ਪ੍ਰਧਾਨ ਸੰਤ ਬਾਬਾ ਕੁਲਵੰਤ ਰਾਮ ਭਰੋਮਜਾਰਾ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਠੰਡ ਦੇ ਮੌਸਮ ਦੌਰਾਨ ਪੂਰੀ ਅਹਿਤਿਆਤ ਵਰਤਣ ਤਾਂ ਜੋ ਕਿਸੇ ਵੀ ਅਣਸੁਖਾਵੇ ਹਾਲਤ ਤੋਂ ਬਚਿਆ ਜਾ ਸਕੇ। ਉਹਨਾ ਠੰਡੀਆਂ ਹਵਾਵਾਂ ਤੋਂ ਬਚਾਅ ਲਈ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਮੌਸਮ ਨੂੰ ਧਿਆਨ ਵਿਚ ਰੱਖਦਿਆਂ ਲੋਕਾਂ ਨੂੰ ਲੋੜੀਂਦੇ ਪ੍ਰਬੰਧ ਯਕੀਨੀ ਬਣਾ ਲੈਣੇ ਚਾਹੀਦੇ ਹਨ ਤਾ ਕਿ ਇਕਦਮ ਵੱਧ ਰਹੀ ਠੰਡ ਤੋ ਬਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਲੋਕ ਖਾਸਕਰ ਬਜ਼ੁਰਗਾਂ, ਬੱਚਿਆਂ ਦਾ ਵਿਸ਼ੇਸ਼ ਧਿਆਨ ਰੱਖਣ ਅਤੇ ਨਾਲ ਦੇ ਨਾਲ ਪਸ਼ੂਆਂ, ਫ਼ਸਲਾਂ ਅਤੇ ਹੋਰ ਵਸਤੂਆਂ ਦੀ ਸੰਭਾਲ ਨੂੰ ਵੀ ਤਰਜ਼ੀਹ ਦੇਣ।ਉਹਨਾ ਕਿਹਾ ਕਿ ਠੰਡ ਦੇ ਮੌਸਮ ਨੂੰ ਧਿਆਨ ਵਿਚ ਰੱਖਦਿਆਂ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਨਹੀਂ ਵਰਤਣੀ ਚਾਹੀਦੀ ਅਤੇ ਆਪਣੇ ਘਰਾਂ ਆਦਿ ਵਿਚ ਵੀ ਠੰਡੀਆਂ ਹਵਾਵਾਂ ਤੋਂ ਬਚਾਅ ਲਈ ਮੋਟੇ ਕੱਪੜਿਆ ਦਾ ਇੰਤਜਾਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਵੱਧ ਰਹੀ ਠੰਡ ਦੇ ਕਾਰਨ ਕੋਈ ਵੀ ਸਰੀਰਕ ਸਮੱਸਿਆ ਪੇਸ਼ ਆਉਂਦੀ ਹੈ ਤਾਂ ਫੌਰੀ ਤੌਰ ਤੇ ਡਾ ਦੀ ਸਲਾਹ ਲੈਣੀ ਚਾਹੀਦੀ ਹੈ। ਉਨ੍ਹਾਂ ਨੇ ਵਾਹਨ ਚਾਲਕਾਂ ਨੂੰ ਵੀ ਅਪੀਲ ਕੀਤੀ ਕਿ ਧੁੰਦ ਦੇ ਮੌਸਮ ਦੌਰਾਨ ਵਾਹਨਾਂ ਦੀ ਰਫ਼ਤਾਰ ਮੱਠੀ ਰੱਖਣ ਦੇ ਨਾਲ-ਨਾਲ ਗੱਡੀਆਂ ਦੀਆਂ ਲਾਈਟਾਂ ਅਤੇ ਇਸ਼ਾਰੇ ਪੂਰੀ ਤਰ੍ਹਾਂ ਕੰਮ ਕਰਦੇ ਰੱਖਣ ਤਾਂ ਜੋ ਕਿਸੇ ਵੀ ਅਣਹੋਣੀ ਘਟਨਾ ਤੋਂ ਬਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਵਾਹਨ ਚਲਾਉਂਦੇ ਸਮੇਂ ਮੋਬ-ਾਇਲ ਦੀ ਵਰਤੋਂ ਅਤੇ ਓਵਰਟੇਕਿੰਗ ਤੋਂ ਪੂਰੀ ਤਰ੍ਹਾਂ ਗੁਰੇਜ਼ ਕਰਦਿਆਂ ਹਮੇਸ਼ਾ ਸੁਰੱਖਿਅਤ ਡਰਾਈਵਿੰਗ ਵੱਲ ਧਿਆਨ ਦੇਣਾ ਚਾਹੀਦਾ ਹੈ।

# ਮਾਘ ਮਹੀਨੇ ਦੀ ਪਹਿਲੀ ਸਵੇਰ ਨੂੰ

ਮੈਨੂੰ ਪਤੈ ਕੱਲ੍ਹ ਤੁਸੀਂ ਈਸ਼ਵਰ ਘਰੇਂ ਬੁਲਾਇਆ ਹੋਵੇਗਾ।
ਮਾਂ ਨੇ ਥੋਡੇ ਹੱਥੋਂ ਦਲਿੱਦਰ ਖ਼ਤਮ ਕਰਾਇਆ ਹੋਵੇਗਾ।
ਬੱਚਿਓ ਇਹ ਤਾਂ ਸਾਰੀ ਖੇਡ ਜ਼ੁਬਾਨੀ ਅਤੇ ਕਲਾਮੀ ਹੈ ;
ਮਹਿੰਗੇ ਭਾਅ ਦੇ ਤਿਲਾਂ ਨੂੰ ਧੂਣੀ ਵਿੱਚ ਮਚਾਇਆ ਹੋਵੇਗਾ।
ਇਹ ਸਭ ਅਪਣੇ ਹੱਥ ਹੈ ਆਲ਼ਸ ਨੂੰ ਤਨ ਤੇ ਮਨ 'ਚੋਂ ਕੱਢਣਾ ;
ਇਹ ਗੁਰ ਰੁਲ਼ਦੂ ਬਾਝੋਂ ਨਹੀਂ ਕਿਸੇ ਸਮਝਾਇਆ ਹੋਵੇਗਾ।
ਅੱਜ ਵੀ ਤਾਂ ਕੋਈ ਪਹਿਲੀ ਹਾਕ ਨਾ਼ਲ ਉੱਠਿਆ 'ਨੀਂ ਹੋਣਾ ;
ਮਾਂ ਨੇ ਧਰਮ ਸਥਾਨ 'ਤੇ ਜਾਣ ਲਈ ਜਦੋਂ ਉਠਾਇਆ ਹੋਵੇਗਾ।
ਹਰ ਸਾਲ ਅਸੀਂ ਬੱਸ ਰਸਮ 'ਜੀ ਪੂਰੀ ਕਰਦੇ ਰਹਿੰਦੇ ਹਾਂ ;
ਥੋਡੀ ਮਾਂ ਨੂੰ ਉਸ ਦੀ ਮਾਂ ਨੇ ਕਦੇ ਸਿਖਾਇਆ ਹੋਵੇਗਾ।
ਨਾ ਬਣੋਂ ਫ਼ਕੀਰ ਲਕੀਰਾਂ ਦੇ ਇਹ ਯੁੱਗ ਹੈ ਕੰਪਿਊਟਰ ਦਾ ;
ਚੇਤੇ ਕਰ 'ਲੋ ਕਿਸੇ ਟੀਚਰ ਨੇ ਕਦੇ ਪੜ੍ਹਾਇਆ ਹੋਵੇਗਾ।
ਚੇਤੇ ਕਰ 'ਲੋ ਕਿਸੇ ਟੀਚਰ ਨੇ ਕਦੇ ਪੜ੍ਹਾਇਆ ਹੋਵੇਗਾ।

**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ**
**ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037



# ਧੀਆਂ ਤਿਉਹਾਰ ਲੋਹੜੀ

ਸਾਨੂੰ ਸਾਡੀ ਦੁਨੀਆ ਚੰਗੀ ਤੈਨੂੰ ਤੇਰਾ ਸੰਸਾਰ ਮੁਬਾਰਕ
ਸਾਨੂੰ ਸਾਡਾ ਸਾਈਕਲ ਚੰਗਾ ਤੈਨੂੰ ਤੇਰੀ ਕਾਰ ਮੁਬਾਰਕ
ਮਿਹਨਤਕਸ਼ ਲੋਕਾਂ ਦੀ ਮਿਹਨਤ ਚੰਗੀ ਤੈਨੂੰ ਤੇਰਾ ਵਪਾਰ ਮੁਬਾਰਕ
ਜਿੱਤ ਮੁਬਾਰਕ ਤੈਨੂੰ ਸੱਜਣਾ ਸਾਨੂੰ ਸਾਡੀ ਹਾਰ ਮੁਬਾਰਕ
ਖੁਸ਼ਬੂ ਮੁਬਾਰਕ ਤੈਨੂੰ ਸਾਰੀ ਸਾਨੂੰ ਸਾਡੇ ਖਾਰ ਮੁਬਾਰਕ
ਜਿੱਤ ਮੁਬਾਰਕ ਤੈਨੂੰ ਸੱਜਣਾ ਸਾਨੂੰ ਸਾਡੀ ਹਾਰ ਮੁਬਾਰਕ
ਪੁੱਤਰਾਂ ਦੇ ਨਾਵੇਂ ਨਾ ਕਰਿਓ ਧੀਆਂ ਦਾ ਤਿਉਹਾਰ ਮੁਬਾਰਕ
ਲੋਹੜੀ ਦਾ ਤਿਉਹਾਰ ਮੁਬਾਰਕ, ਮਾਘੀ ਦਾ ਤਿਉਹਾਰ ਮੁਬਾਰਕ
ਸਾਨੂੰ ਸਾਡਾ ਭੈਰਵੀ ਚੰਗਾ, ਤੈਨੂੰ ਤੇਰਾ ਮਲਹਾਰ ਮੁਬਾਰਕ
ਧੀਆਂ ਦਾ ਤਿਉਹਾਰ ਤੈਨੂੰ ਵੀ ਮੁਬਾਰਕ ਸਾਨੂੰ ਵੀ ਮੁਬਾਰਕ
ਸਵਰਨ ਕਵਿਤਾ ਨੂੰ ਕਵਿਤਾ ਚੰਗੀ, ਤੈਨੂੰ ਤੇਰਾ ਚਿੱਤਰਹਾਰ ਮੁਬਾਰਕ



**ਸਵਰਨ ਕਵਿਤਾ**

# ਕੁਦਰਤੀ ਰੰਗ

ਕਿਸੇ ਘਰ ਲੋਹੜੀ ਅਤੇ ਕਿਸੇ ਘਰ ਲੋਹੜਾ ਏ ।
ਕਿਸੇ ਘਰ ਲੋੜੋਂ ਵੱਧ ਕਿਤੇ ਬੜਾ ਈ ਥੋੜ੍ਹਾ ਏ ।
ਕਿਸੇ ਘਰੇਂ ਮਿਹਨਤ ਕਿਸੇ ਦਾ ਘਰ ਵਿਹਲਾ ਹੈ ;
ਕਿਸੇ ਦੇ ਘਰੇਂ ਮੇਲ ਕਿਸੇ ਘਰ 'ਚ ਵਿਛੋੜਾ ਏ ।



ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ
ਸੰਗਰੂਰ ।
9914836037

# ਟੁੱਟੀ ਤਾਣੀ

ਹੁਣ ਅਸੀ ਜਤਾਉਂਦੇ ਨਹੀਂ,
ਪਿਆਰ ਤਾ ਹੈਂ, ਪਰ ਅੱਗੇ ਹੋਰ ਨਿਭਾਉਂਦੇ ਨਹੀਂ,
ਗੁੱਸੇ ਇਸ ਕਦਰ ਹੋਏ ਆਹ ਇੱਕ ਦੂਜੇ ਤੋਂ,
ਟੁੱਟ ਜਾ ਗੇ ਪਰ ਇੱਕ ਦੂਜੇ ਨੂੰ ਗਲ ਲਾਓਂਦੇ ਨਹੀਂ,
ਪਿਆਰ ਤਾ ਹੈਂ ਪਰ ਹੁਣ ਅਸੀ ਨਿਭਾਉਂਦੇ ਨਹੀਂ!

ਦੇਰ ਰਾਤ ਤੱਕ ਜਾਗ ਲੈਣੇ ਆਹ,
ਪੁਰਾਣੀ ਬਾਤ, ਖ਼ਤ ਸਮਝ ਪੜ ਲੈਣੇ ਆਹ,
ਕਦੇ ਰੋ ਲੈਣੇ, ਕਦੇ ਹੱਸ ਲੈਣੇ ਆ,
ਆਪਣੇ ਕੀਤੇ ਵਾਦਿਆਂ ਤੇ ਖਲੋਂਦੇ ਨਹੀਂ,
ਪਿਆਰ ਤਾ ਕਰਦੇ ਪਰ ਹੁਣ ਅਸੀ ਨਿਭਾਉਂਦੇ ਨਹੀਂ!

ਅਣਜਾਣ ਪੁਣੇ ਦੀ ਦੋਸਤੀ ਕਦ ਮੋਹਬਤ ਚ ਬਦਲ ਜਾਉਗੀ,
ਇੱਕ ਕੀਤੀ ਚੁੱਪ ਸਾਡੀ,
ਰੋਜ਼ ਸਾਨੂੰ ਰਵਾਉਗੀ,
ਆਵਦੇ ਆਪ ਕੀਤੇ ਫੈਸਲੇ ਤੇ ਰੋਜ਼ ਪਛਤਾਉਣੇ ਆ,
ਇਹ ਗ਼ਲਤੀ ਮੁੜ ਕਦੇ ਫਿਰ ਅਸੀ ਦਰਾਹੋਂਦੇ ਨਹੀਂ,
ਪਿਆਰ ਤਾ ਕਰਦੇ ਆਹ, ਪਰ ਹੁਣ ਨਿਭਾਉਂਦੇ ਨਹੀਂ!

ਦਿਨ ਲੰਘ ਰਹੇ, ਮਹੀਨੇ ਲੰਘ ਜਾਣ ਗੇ,
ਸਾਲਾ ਬਦੀ, ਜੇ ਯਾਦ ਆਈ!
ਇਹ ਜਖਮ ਫਿਰ ਅੱਲੇ ਹੋ ਜਾਣ ਗੇ,
ਨਸੂਰ ਫੁੱਟਦੀ ਰੋਜ਼ ਹੀ, ਪਰ ਹੁਣ ਅਸੀਂ ਮਲਮ ਲਾਉਂਦੇ ਨਹੀਂ,
ਇਸ ਕਦਰ ਰੋਏ ਕੇ ਹਾਸੇ ਵੀ ਹੁਣ ਚੇਹਰੇ ਤੇ ਆਉਂਦੇ ਨਹੀਂ,
ਪਿਆਰ ਤਾ ਕਰਦੇ, ਪਰ ਹੁਣ ਅਸੀਂ ਨਿਭਾਉਂਦੇ ਨਹੀਂ!

ਕੁੱਝ ਬੇਕਦਰੀ ਨੇ ਰੋਲ ਦਿੱਤਾ ,
ਕੁਝ ਆਕੜ ਵੀ ਬਥੇਰੀ ਸੀ,
ਕੁਝ ਮੈਂ ਨਾ ਸਮਝੀ, ਕੁੱਝ ਕੀਤੀ ਉਹਨੇ ਵੀ ਦੇਰੀ ਸੀ,
ਇਹ ਨਾ -ਸਮਝੀ ਨੂੰ ਹੁਣ ਦੋਨੋ ਦਰਹੌਂਦੇ ਨਹੀਂ,
ਪਿਆਰ ਤਾ ਕਰਦੇ ਪਰ ਹੁਣ ਅਸੀਂ ਜਤਾਉਂਦੇ ਨਹੀਂ!
ਅੱਗੇ ਵਧਣ ਦੀ ਤਾਂਘ ਚ ਹੋ ਚੱਲੇ ਆ,
ਪਿੱਛੇ ਕੀ ਰਿਹਾ, ਇਹ ਸੋਚ ਹੁਣ ਪੱਛਤਾਉਦੇ ਨਹੀਂ,
ਭੁਲਣਾ - ਭੁਲੋਉਣਾ ਰੱਬ ਹੱਥ ਛਡਿਆਂ,
ਵਾਦਾ ਰਿਹਾ ਸੈਮ ਹੁਣ ਭੁੱਲ ਤੇਰੇ ਮੂਹਰੇ ਆਉਂਦੇ ਨਹੀਂ,
ਪਿਆਰ ਤਾ ਕਰਦੇ ਆ ਪਰ ਹੁਣ ਅਸੀ ਜਤਉਦੇ ਨਹੀਂ
ਹੁਣ ਅਸੀਂ ਜਤਾਉਦੇ ਨਹੀਂ!

**ਸਿਮਰਜੀਤ ਕੌਰ (ਸੈਮ )**



# ਲੋਹੜੀ ਦਾ ਤਿਉਹਾਰ

ਪੋਹ ਦੇ ਅਖੀਰ ਆਉਂਦਾ ਲੋਹੜੀ ਦਾ ਤਿਉਹਾਰ ,
ਮਘ ਉੱਠੇ ਦਿਲ ਵਿੱਚ ਚਾਅ 'ਤੇ ਮਲਾਰ।
ਆਉ ਸਾਰੇ ਰਲ-ਮਿਲ ਐਸੀ ਲੋਹੜੀ ਪਾਈਏ,
ਲਾ ਕੇ ਮੋਹ ਦੀ ਚਿਣਗ ਭਲਾ ਸਭ ਦਾ ਮਨਾਈਏ।
ਪੋਹ ਦੇ ਮਹੀਨੇ ਨਾ ਕੋਈ ਆਰੰਭੇ ਨਵਾਂ ਕਾਜ਼ ,
ਲੋਹੜੀ ਹੀ ਤਾਂ ਕਰੇ ਸ਼ੁੱਭ ਮਹੂਰਤਾਂ ਦਾ ਆਗਾਜ਼ ।
ਛੱਡ ਸਰਦ ਖਿਆਲ ਨਿੱਘੇ ਸੁਪਨੇ ਸਜਾਈਏ , , ,
ਟੋਲੀਆਂ ਬਣਾ ਕੇ ਲੋਹੜੀ ਮੰਗਦੇ ਨਿਆਣੇ ,
ਗੱਚਕਾਂ , ਰਿਉੜੀਆਂ , ਮੱਕੀ ਦੇ ਖਿੱਲ ਦਾਣੇ ।
ਚਿੱਤ ਕਰੇ ਬਚਪਨਾ ਮੁੜ ਕੇ ਹੰਢਾਈਏ , , , ,
ਫੱਬੇ ਸੱਜ-ਵਿਆਹੀ ਨਾਰ ਮਾਹੀ ਸੰਗ ਪਹਿਲੀ ਲੋਹੜੀ ,
ਲਿਖੇ ਧੁਰੋਂ ਸੰਯੋਗ ਤਾਹੀਓਂ ਬਣੀ ਸੋਹਣੀ ਜੋੜੀ ।
ਲੇਖ ਲਿਖਣ ਵਾਲੇ ਤੋਂ ਯਾਰੋ ਵਾਰੇ ਵਾਰੇ ਜਾਈਏ , , ,
ਪਹਿਲੀ ਬੱਚੇ ਦੀ ਜੋ ਲੋਹੜੀ ਚੜ੍ਹੇ ਬਾਪੂ ਤਾਈਂ ਲੋਰ ,
ਮਿਲੀ ਮਨ ਦੀ ਮੁਰਾਦ ਚੱਲੇ ਖੁਸ਼ੀਆਂ ਦਾ ਦੌਰ ।
ਹੋ ਕੇ ਖੁਸ਼ੀ ਵਿੱਚ ਖੀਵੇ ਆਉ ਜਾਮ ਟਕਰਾਈਏ , , ,
ਧੁੰਦ ਅਤੇ ਕੋਹਰਾ ਕਦੇ ਵਿਹੜਾ ਕੋਈ ਮੱਲੇ ਨਾ ,
ਹਨੇਰੇ ' ਤੇ ਵਿਛੋੜੇ ਵਾਲਾ ਦੁੱਖ ਕੋਈ ਝੱਲੇ ਨਾ ।
ਜੜ੍ਹੋਂ ਪੁੱਟ ਕੇ ਦਲਿੱਦਰ ਨੂੰ 'ਜੀਤ' ਚੁੱਲ੍ਹੇ ਡਾਹੀਏ , , ,
ਆਉ ਸਾਰੇ ਰਲ-ਮਿਲ ਐਸੀ ਲੋਹੜੀ ਪਾਈਏ ,
ਲਾ ਕੇ ਮੋਹ ਦੀ ਚਿਣਗ ਭਲਾ ਸਭ ਦਾ ਮਨਾਈਏ ।



**ਅਮਰਜੀਤ ਸਿੰਘ ਜੀਤ**



# ਲੋਹੜੀ ਵਿੱਚੋਂ ਬਚਪਨ ਦੀ ਲੋਹੜੀ

ਤੇਜ਼ ਜਿਹੀ ਧੁੱਪ ਨਿਕਲੀ ਬੈਠਾ ਵੇਹੜੇ ਵਿੱਚ ਮੰਜਾਂ ਡਾਹ ਕੇ
ਪੰਜ ਸੱਤ ਪਿਆਰੇ ਬੱਚੇ ਆਗੇ ਗੀਤ ਲੋਹੜੀ ਦੇ ਗਾ ਕੇ
ਇਕ ਆਖਦਾ ਬਾਬਾ ਕੋਠੇ ਥੋਡੇ ਦੇ ਉੱਪਰ ਹੈ ਬਤਾਂਊ
ਮੈਂ ਤਾਂ ਅੱਜ ਲੈ ਕੇ ਲੋਹੜੀ ਥੋਡੇ ਘਰ ਤੋਂ ਹੀ ਜਾਊਂ
ਦੂਜਾ ਆਖਣ ਲੱਗਾ ਥੋਡਾ ਮੁੰਡਾ ਅੰਮ੍ਰਿਤ ਬੜਾ ਹੈ ਸ਼ੌਕੀਨ
ਉਹ ਤੇ ਓਹਦੀ ਮੰਮੀ ਲਾਉਂਦੇ ਪੋਡਰ ਤੇ ਕਰੀਮ
ਇੱਕ ਬੋਲਿਆ ਤੋਤਲੀ ਜਿਹੀ ਆਵਾਜ਼ 'ਚ ਅੰਕਲ ਹੈਪੀ ਲੋਹੜੀ
ਤਦ ਹੀ ਦੂਜਾ ਉਪਰ ਝਾਕ ਕੇ ਕਹਿੰਦਾ ਥੋਡੇ ਕੋਠੇ ਉੱਤੇ ਘੋੜੀ
ਉਹ ਸੀ ਮੇਰੇ ਨਾਲ ਹਾਲੇ ਗੱਲਾਂ ਕਰਦੇ ਦੂਜੀ ਟੋਲੀ ਆਈ
ਉੱਚੀ ਉੱਚੀ ਆਖਣ ਲੱਗੇ ਲੋਹੜੀ ਦੀ ਵਧਾਈ ਜੀ ਵਧਾਈ
ਤੱਕ ਕੇ ਉਹਨਾਂ ਨੂੰ ਮੈਨੂੰ ਮੇਰਾ ਬਚਪਨ ਚੇਤੇ ਆਇਆ
ਕਿਵੇਂ ਹਾਣੀਆਂ ਨਾਲ ਲੋਹੜੀ ਨੂੰ ਮੰਗ ਮੰਗ ਸੀ ਮਨਾਇਆ
ਉਸ ਵੇਲੇ ਅੱਜ ਵਾਂਗ ਛੋਟੇ ਨਹੀਂ, ਵੱਡੇ ਵੀ ਸੀ ਲੋਹੜੀ ਮੰਗਦੇ
ਪਾਉਂਦੇ ਸੀ ਉਹ ਖੌਰੂ ਪੂਰਾ ਨਾ ਸੀ ਭੋਰਾ ਕਦੇ ਸੰਗਦੇ
ਪਿੰਡ ਤੱਖਰਾਂ ਤੋਂ ਬਾਅਦ ਖੋਖਰਾਂ ਵੀ ਲੋਹੜੀ ਮੰਗਣ ਜਾਣਾ
ਜਾ ਕੇ ਖੇਤਾਂ ਵਿੱਚ ਕੋਠੀ ਵਾਲਿਆਂ ਦਾ ਦਰ ਖੜਕਾਣਾ
ਬੇਬੇ ਉਹਨਾਂ ਦੀ ਗੀਤ ਸੁਣਦੀ ਬਣ ਜਾਂਦੇ ਅਸੀਂ ਗਵੱਈਏ
ਖੁਸ਼ ਹੋ ਜਾਂਦੇ ਸੀ ਜਦ ਮਿਲਦੇ ਇੱਕ ਦੋ ਰੁਪਈਏ
ਵੱਡੇ ਵੱਡੇ ਝੋ਼ਲੇ ਥੈਲੇ ਭਰ ਭਰ ਸਭ ਨੇ ਕਣਕ ਦੇ ਲਿਆਉਣੇ
ਕਰ ਲੈ ਬਚਪਨ ਚੇਤੇ ਬੱਬੀਆ ਮੁੜ ਉਹ ਦਿਨ ਨਾ ਆਉਣੇ

**ਬਲਬੀਰ ਸਿੰਘ ਬੱਬੀ**

# 14 ਜਨਵਰੀ ਨੂੰ ਮਾਘੀ ਸਲਾਨਾ ਜੋੜ ਮੇਲੇ ਮੌਕੇ ਵਿਸ਼ਾਲ ਖ਼ੂਨਦਾਨ ਕੈਂਪ ਡੇਰਾ ਸੱਚਖੰਡ ਦੁੱਧਾਧਾਰੀ ਈਸਪੁਰ ਵਿਖੇ ਅੱਜ- ਮਹਿੰਦਰ ਸੂਦ ਵਿਰਕ

**ਆਓ ਖ਼ੂਨਦਾਨ ਕਰਕੇ ਸੇਵਾ ਕਮਾਈਏ ਅਤੇ ਅਨੇਕਾਂ ਹੀ ਅਨਮੋਲ ਜ਼ਿੰਦਗੀਆਂ ਬਚਾਈਏ- ਸ਼੍ਰੀ 108 ਸੰਤ ਹਰਵਿੰਦਰ ਦਾਸ ਜੀ**

**ਫਿਲੌਰ/ਅੱਪਰਾ (ਦੀਪਾ)**-ਉੱਘੇ ਸਮਾਜ ਸੇਵੀ ਤੇ ਲੇਖਕ ਮਹਿੰਦਰ ਸੂਦ ਵਿਰਕ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡੇਰਾ ਸੱਚਖੰਡ ਦੁੱਧਾਧਾਰੀ ਬ੍ਰਹਮਲੀਨ 108 ਸੰਤ ਮੰਗਲ ਦਾਸ ਜੀ ਪਿੰਡ ਈਸਪੁਰ (ਹੁਸ਼ਿਆਰਪੁਰ) ਵਿਖੇ ਮੌਜੂਦਾ ਗੱਦੀ ਨਸ਼ੀਨ ਸ਼੍ਰੀ 108 ਸੰਤ ਹਰਵਿੰਦਰ ਦਾਸ ਜੀ ਮਹਾਰਾਜ ਦੇ ਅਸ਼ੀਰਵਾਦ ਸਦਕਾ ਮਿਤੀ 14 ਜਨਵਰੀ 2025 ਦਿਨ ਮੰਗਲਵਾਰ ਨੂੰ ਮਾਘੀ ਸਲਾਨਾ ਜੋੜ ਮੇਲੇ ਮੌਕੇ



ਇੱਕ ਵਿਸ਼ਾਲ ਖ਼ੂਨਦਾਨ ਕੈਂਪ ਯੂਥ ਬਲੱਡ ਡੋਨਰਸ ਪੰਜਾਬ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ। ਇਸ ਮੌਕੇ 108 ਸੰਤ ਹਰਵਿੰਦਰ ਦਾਸ ਜੀ ਨੇ ਸਮੂਹ ਨੌਜਵਾਨਾਂ ਨੂੰ ਸੱਚ ਦੇ ਰਾਹ ਤੇ ਚੱਲਦੇ ਹੋਏ ਖ਼ੂਨਦਾਨ ਕਰਨ ਦਾ ਸੰਦੇਸ਼ ਦਿੱਤਾ ਅਤੇ ਕਿਹਾ ਕਿ ਇਸ ਨਾਲ ਇੱਕ ਇਨਸਾਨ ਦੂਸਰੇ ਇਨਸਾਨ ਦੀ ਕੀਮਤੀ ਜ਼ਿੰਦਗੀ ਬਚਾ ਸਕਦਾ ਹੈ। ਇਸ ਲਈ ਅਜਿਹੇ ਪੁੰਨ ਦੇ ਕੰਮਾਂ ਵਿੱਚ ਵੱਧ ਤੋਂ ਵੱਧ ਸਹਿਯੋਗ ਕਰਕੇ ਪਰਮਾਤਮਾ ਦਾ ਆਸ਼ੀਰਵਾਦ ਪ੍ਰਾਪਤ ਕਰਨਾ ਚਾਹੀਦਾ ਹੈ।

# 14 ਜਨਵਰੀ ਨੂੰ ਸਾਂਝਾ ਅਧਿਆਪਕ ਮੋਰਚਾ ਅਤੇ ਡੈਮੋਕਰੇਟਿਕ ਟੀਚਰਜ਼ ਫਰੰਟ ਦੀ ਸਿੱਖਿਆ ਮੰਤਰੀ ਨਾਲ ਮੀਟਿੰਗ ਬੇਸਿੱਟਾ ਰਹੀ ਤਾਂ 19 ਜਨਵਰੀ ਨੂੰ ਆਨੰਦਪੁਰ ਸਾਹਿਬ ਵਿਖੇ ਹੋਵੇਗਾ ਰੋਸ ਪ੍ਰਦਰਸ਼ਨ :-ਪੁਆਰੀ

**ਤਨਖਾਹ ਕਟੌਤੀ, ਮਿਡਲ ਅਤੇ ਘੱਟ ਗਿਣਤੀ ਬੱਚਿਆਂ ਵਾਲੇ ਸਕੂਲ ਬੰਦ ਕਰਨ ਦੇ ਫੈਸਲੇ ਦਾ ਵਿਰੋਧ*ਤਰੱਕੀਆਂ ਅਤੇ ਨਿਯੁਕਤੀਆਂ ਵਿੱਚ ਸਾਰੇ ਸਕੂਲਾਂ ਦੀਆਂ ਖਾਲੀ ਪੋਸਟਾਂ ਦਿਖਾਉਣ ਦੀ ਮੰਗ***

**ਫਿਲੌਰ/ਅੱਪਰਾ (ਦੀਪਾ)**- ਅੱਜ ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਕਨਵੀਨਰਾਂ ਅਤੇ ਕੋ-ਕਨਵੀਨਰਾਂ ਦੀ ਵਰਚੁਅਲ ਮੀਟਿੰਗ ਬਲਜੀਤ ਸਿੰਘ ਸਲਾਣਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਸੁਰਿੰਦਰ ਕੰਬੋਜ, ਬਾਜ ਸਿੰਘ ਖਹਿਰਾ, ਰਵਿੰਦਰਜੀਤ ਸਿੰਘ ਪੰਨੂ, ਹਰਵਿੰਦਰ ਸਿੰਘ ਬਿਲਗਾ, ਗੁਰਜੰਟ ਸਿੰਘ ਵਾਲੀਆ, ਸੁਖਵਿੰਦਰ ਸਿੰਘ ਚਾਹਲ, ਸੁਖਜਿੰਦਰ ਸਿੰਘ ਹਰੀਕਾ, ਸੁਖਰਾਜ ਸਿੰਘ ਕਾਹਲੋਂ, ਸ਼ਮਸ਼ੇਰ ਸਿੰਘ ਬੰਗਾ, ਅਮਨਬੀਰ ਸਿੰਘ ਗੁਰਾਇਆ ਸ਼ਾਮਿਲ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਰਿੰਦਰ ਕੁਮਾਰ ਪੁਆਰੀ ਨੇ ਦੱਸਿਆ ਕਿਅਧਿਆਪਕਾਂ ਦੇ ਚਿਰਾਂ ਤੋਂ ਲਟਕਦੇ ਮਸਲੇ ਹੱਲ ਨਾ ਕਰਨ ਅਤੇ ਅਧਿਆਪਕਾਂ ਦੀਆਂ ਤਰੱਕੀਆਂ ਸਮੇਂ ਸਾਰੇ ਸਕੂਲਾਂ ਦੇ ਖਾਲੀ ਸਟੇਸ਼ਨ ਨਾ ਦਿਖਾਉਣ ਦੇ ਰੋਸ ਵਜੋਂ ਸਾਂਝੇ ਅਧਿਆਪਕ ਮੋਰਚੇ ਵੱਲੋਂ 6 ਦਸੰਬਰ ਨੂੰ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। 19 ਦਸੰਬਰ ਨੂੰ ਸਾਂਝਾ ਅਧਿਆਪਕ ਮੋਰਚਾ ਪੰਜਾਬ ਅਤੇ ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ ਦੀ ਸਿੱਖਿਆ ਮੰਤਰੀ ਨਾਲ ਹੋਈ ਸਾਂਝੀ ਮੀਟਿੰਗ ਵਿੱਚ ਪੀ. ਟੀ. ਆਈਜ਼ / ਆਰਟ ਐਂਡ ਕਰਾਫਟ ਟੀਚਰਜ਼ ਆਦਿ ਸੀ. ਐਂਡ ਵੀ. ਅਧਿਆਪਕਾਂ ਦੇ ਪੇਅ ਸਕੇਲਾਂ ਸਬੰਧੀ ਵਿੱਤ ਵਿਭਾਗ ਵਲੋਂ ਜਾਰੀ ਤਰਕਹੀਣ ਸਪੀਕਿੰਗ ਆਰਡਰ ਤੁਰੰਤ ਰੱਦ ਨਾ ਕਰਨ, ਮਿਡਲ ਅਤੇ ਘੱਟ ਗਿਣਤੀ ਬੱਚਿਆਂ ਵਾਲੇ ਸਕੂਲ ਬੰਦ ਕਰਨ ਦੇ ਐਲਾਨ, ਨਿਯੁਕਤੀਆਂ ਅਤੇ ਤਰੱਕੀਆਂ ਵਿੱਚ ਸਾਰੇ ਸਕੂਲਾਂ ਦੀਆਂ ਖਾਲੀ ਪੋਸਟਾਂ ਦਿਖਾਉਣ ਤੋਂ ਇਨਕਾਰ ਕਰਨ ਦੇ ਰੋਸ ਵਜੋਂ 23-24 ਦਸੰਬਰ ਨੂੰ ਜ਼ਿਲ੍ਹਿਆਂ ਵਿੱਚ ਸਿੱਖਿਆ ਮੰਤਰੀ ਦੇ ਪੁਤਲੇ ਫੂਕਣ ਉਪਰੰਤ 11 ਜਨਵਰੀ ਨੂੰ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਪਿੰਡ ਵਰ੍ਹਦੇ ਮੀਂਹ ਵਿੱਚ ਰੋਸ ਰੈਲੀ ਅਤੇ ਘਰ ਵੱਲ ਰੋਹ



ਭਰਪੂਰ ਰੋਸ ਮਾਰਚ ਕੀਤਾ ਗਿਆ ਸੀ। ਪ੍ਰਸ਼ਾਸਨ ਵੱਲੋਂ ਸਿੱਖਿਆ ਮੰਤਰੀ ਨਾਲ 14 ਜਨਵਰੀ ਨੂੰ ਪੰਜਾਬ ਭਵਨ ਚੰਡੀਗੜ੍ਹ ਵਿਖੇ ਸਿੱਖਿਆ ਮੰਤਰੀ ਨਾਲ ਮੀਟਿੰਗ ਦਾ ਲਿਖਤੀ ਪੱਤਰ ਦੇਣ ਉਪਰੰਤ ਮਾਰਚ ਖਤਮ ਕੀਤਾ ਗਿਆ ਸੀ। ਆਗੂਆਂ ਨੇ ਮੰਗਾਂ ਦਾ ਜਿਕਰ ਕਰਦਿਆਂ ਕਿਹਾ ਕਿ ਪੀ. ਟੀ. ਆਈਜ਼ / ਆਰਟ ਐਂਡ ਕਰਾਫਟ ਟੀਚਰਜ਼ ਦੀ ਤਨਖਾਹ ਕਟੌਤੀ ਦਾ ਪੱਤਰ ਵਾਪਸ ਲੈਣ, ਲੈਕਚਰਾਰਾਂ ਅਤੇ ਮਾਸਟਰ ਕੇਡਰ ਦੀਆਂ ਤਰੱਕੀਆਂ ਵਿੱਚ ਸਾਰੀਆਂ ਖਾਲੀ ਪੋਸਟਾਂ ਦਿਖਾ ਕੇ ਦੁਬਾਰਾ ਸਟੇਸ਼ਨ ਚੋਣ ਕਰਵਾਉਣ, ਕੰਪਿਊਟਰ ਅਧਿਆਪਕਾਂ ਨੂੰ ਪਿਕਟਸ ਸੁਸਾਇਟੀ ਦੀ ਬਜਾਏ ਸਿੱਖਿਆ ਵਿਭਾਗ ਵਿੱਚ ਸ਼ਿਫਟ ਕਰਨ ਸਮੇਤ ਤਨਖਾਹ ਦੁਹਰਾਈ ਅਤੇ ਮਹਿੰਗਾਈ ਭੱਤੇ ਦੇ ਪੱਤਰ ਲਾਗੂ ਕਰਨ, 2018 ਦੇ ਅਧਿਆਪਕ ਵਿਰੋਧੀ ਨਿਯਮ ਰੱਦ ਕਰਨ,, ਸਿੱਖਿਆ ਨੀਤੀ 2020 ਰੱਦ ਕਰਕੇ ਪੰਜਾਬ ਦੀ ਸਿੱਖਿਆ ਨੀਤੀ ਬਣਾਉਣ, 16 ਫਰਵਰੀ 2024 ਦੀ ਕੌਮੀ ਹੜਤਾਲ ਵਿੱਚ ਭਾਗ ਲੈਣ ਵਾਲੇ ਅਧਿਆਪਕਾਂ ਦੀ ਤਨਖਾਹ ਕਟੌਤੀ ਦਾ ਪੱਤਰ ਵਾਪਸ ਲੈਣ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਐਸ ਐਲ ਏ ਦੀ ਪੋਸਟ ਦਾ ਨਾਂ ਬਦਲਣ, ਪ੍ਰਾਇਮਰੀ ਸਕੂਲਾਂ ਵਿੱਚ ਜਮਾਤਵਾਰ ਅਤੇ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵਿਸ਼ਾਵਾਰ ਅਧਿਆਪਕਾਂ ਦੀ ਨਿਯੁਕਤੀ ਕਰਨ, ਦਫਤਰੀ ਕਾਮਿਆਂ ਸਮੇਤ ਹਰ ਤਰ੍ਹਾਂ ਦੇ ਰਹਿੰਦੇ ਕੱਚੇ ਅਧਿਆਪਕ ਪੂਰੇ ਗ੍ਰੇਡ 'ਤੇ ਪੱਕੇ ਕਰਨ, ਮੈਰੀਟੋਰੀਅਸ ਅਤੇ ਆਦਰਸ਼ ਸਕੂਲਾਂ ਦੇ ਸਟਾਫ ਨੂੰ ਸਿੱਖਿਆ ਵਿਭਾਗ ਵਿੱਚ ਪੱਕੇ ਕਰਨ, ਮਿਡਲ ਸਕੂਲਾਂ ਦੀ ਮਰਜਿੰਗ ਰੱਦ ਕਰਨ, ਹਰ ਵਰਗ ਦੀਆਂ ਰਹਿੰਦੀਆਂ ਤਰੱਕੀਆਂ ਕਰਨ, 873 ਡੀਪੀਈ ਭਰਤੀ ਵਿੱਚੋਂ ਰਹਿੰਦੇ ਉਮੀਦਵਾਰਾਂ ਨੂੰ ਜਲਦ ਆਰਡਰ ਦੇਣ, ਸੀ ਈ ਪੀ ਤਹਿਤ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸਿੱਖਿਆ ਤੋਂ ਹਟਾ ਕੇ ਫਰਜ਼ੀ ਰਿਕਾਰਡ ਬਣਵਾਉਣਾ ਬੰਦ ਕਰਨ, ਹਰ ਤਰ੍ਹਾਂ ਦੇ ਗੈਰ ਵਿਦਿਅਕ ਕੰਮ ਅਧਿਆਪਕਾਂ ਤੋਂ ਲੈਣੇ ਬੰਦ ਕਰਨ, ਉਚੇਰੀ ਗ੍ਰੇਡ ਪੇਅ ਬਹਾਲ ਰੱਖਦਿਆਂ ਜਨਵਰੀ 2016 ਤੋਂ 125% ਮਹਿੰਗਾਈ ਭੱਤੇ 'ਤੇ ਤਨਖਾਹ ਦੁਹਰਾਈ ਕਰਨ, ਤਨਖਾਹ ਕਮਿਸ਼ਨ ਦੀ ਰਹਿੰਦੀ ਰਿਪੋਰਟ ਜਾਰੀ ਕਰਨ ਅਤੇ ਤਰੁਟੀਆਂ ਦੂਰ ਕਰਨ, ਸੋਧ ਦੇ ਨਾਂ ਤੇ ਬੰਦ ਕੀਤੇ ਪੇਂਡੂ ਭੱਤੇ ਸਮੇਤ ਸਮੁੱਚੇ ਭੱਤੇ ਬਹਾਲ ਕਰਨ, ਤਨਖਾਹ ਦੁਹਰਾਈ ਅਤੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੇ ਬਕਾਏ ਤੁਰੰਤ ਜਾਰੀ ਕਰਨ ਸਮੇਤ ਅਧਿਆਪਕਾਂ ਦੇ ਸਮੁੱਚੇ ਮਸਲੇ ਹੱਲ ਕਰਨ ਦੀ ਮੰਗ ਕੀਤੀ। ਮੀਟਿੰਗ ਵਿੱਚ ਸ਼ਾਮਿਲ ਆਗੂਆਂ ਨੇ ਸਫਲ ਰੋਸ ਪ੍ਰਦਰਸ਼ਨ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ 14 ਜਨਵਰੀ ਨੂੰ ਸਿੱਖਿਆ ਮੰਤਰੀ ਨਾਲ ਪੰਜਾਬ ਭਵਨ ਚੰਡੀਗੜ੍ਹ ਵਿਖੇ ਹੋਣ ਵਾਲੀ ਮੀਟਿੰਗ ਵਿੱਚ ਅਧਿਆਪਕ ਮਸਲੇ ਹੱਲ ਨਾ ਹੋਣ ਦੀ ਸੂਰਤ ਵਿੱਚ ਪੰਜਾਬ ਦੇ ਅਧਿਆਪਕਾਂ ਅਤੇ ਅਧਿਆਪਕ ਜਥੇਬੰਦੀਆਂ ਨੂੰ 19 ਜਨਵਰੀ ਨੂੰ ਸਿੱਖਿਆ ਮੰਤਰੀ ਦੇ ਹਲਕੇ ਆਨੰਦਪੁਰ ਸਾਹਿਬ ਵਿਖੇ ਕੀਤੇ ਜਾਣ ਵਾਲੇ ਰੋਸ ਪ੍ਰਦਰਸ਼ਨ ਵਿੱਚ ਭਰਵੀਂ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਮੀਟਿੰਗ ਵਿੱਚ ਤੇਜਿੰਦਰ ਸਿੰਘ, ਸੋਮ ਸਿੰਘ, ਜਿੰਦਰ ਪਾਇਲਟ, ਕ੍ਰਿਸ਼ਨ ਸਿੰਘ ਦੁੱਗਾਂ, ਕੁਲਦੀਪ ਸਿੰਘ ਦੌੜਕਾ, ਗੁਰਬਿੰਦਰ ਸਿੰਘ ਸਸਕੌਰ ਆਦਿ ਵੀ ਸ਼ਾਮਿਲ ਸਨ।

# ਬੇਗਮਪੁਰਾ ਟਾਈਗਰ ਫੋਰਸ ਦੇ ਅਹੁਦੇਦਾਰਾ ਨੇ ਥਾਣਾ ਹਰਿਆਣਾ ਦੇ ਐਸਐਚਓ ਹਰੀਸ਼ ਕੁਮਾਰ ਨੂੰ ਕੀਤਾ ਸਨਮਾਨਿਤ

## ਐਸਐਚਓ ਹਰੀਸ਼ ਕੁਮਾਰ ਦੇ ਆਉਣ ਨਾਲ ਇਲਾਕੇ ਵਿੱਚ,ਲੁੱਟਾਂ,ਖੋਹਾਂ ਅਤੇ ਚੋਰੀਆ ਕਰਨ ਵਸਲੇ ਸਹਿਮੇ ਹੋਏ ਹਨ : ਬੰਟੀ,ਰਾਹੁਲ

**ਹੁਸ਼ਿਆਰਪੁਰ, ( ਤਰਸੇਮ ਦੀਵਾਨਾ )** ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਦੇ ਬਲਾਕ ਹਰਿਆਣਾ ਭੂੰਗਾ ਦੇ ਪ੍ਰਧਾਨ ਅਨਿਲ ਕੁਮਾਰ ਬੰਟੀ ਅਤੇ ਉੱਪ ਪ੍ਰਧਾਨ ਰਾਹੁਲ ਕਲੋਤਾ ਵਲੋਂ ਐਸਐਚਓ ਹਰਿਆਣਾ ਹਰੀਸ਼ ਕੁਮਾਰ ਦਾ ਬਾਬਾ ਸਾਹਿਬ ਭੀਮ ਰਾਉ ਅੰਬੇਡਕਰ ਜੀ ਦਾ ਸਰੂਪ ਦੇ ਕੇ ਸਨਮਾਨ ਕੀਤਾ ਙ ਉਹਨਾਂ ਕਿਹਾ ਕਿ ਬਹੁਤ ਘੱਟ ਅਜਿਹੇ ਸਰਕਾਰੀ ਅਧਿਕਾਰੀ ਹੁੰਦੇ ਹਨ ਜੋ ਸਭ ਨੂੰ ਇੱਕੋ ਅੱਖ ਨਾਲ ਵੇਖਦੇ ਹੋਏ ਸਭ ਨੂੰ ਬਰਾਬਰ ਇਨਸਾਫ਼ ਦੇਣ ਲਈ ਯਤਨਸ਼ੀਲ ਰਹਿੰਦੇ ਹਨ ਇਹਨਾਂ ਵਿੱਚੋਂ ਹੀ ਥਾਣਾ ਹਰਿਆਣਾ ਦੇ ਐਸਐਚਓ ਹਰੀਸ਼ ਕੁਮਾਰ ਅਜਿਹੇ ਅਧਿਕਾਰੀ ਹਨ ਜਿਨ੍ਹਾਂ ਨੇ ਸਮਾਜ ਦੇ ਸਾਰੇ ਵਰਗਾਂ ਨੂੰ ਇੱਕਸਾਰ ਇਨਸਾਫ਼ ਦੇਣ ਲਈ ਕਦੇ ਕਿਸੇ ਦਬਾਅ ਦੀ ਪ੍ਰਵਾਹ ਨਹੀਂ ਕੀਤੀ ਙ ਇਸ ਮੌਕੇ ਐਸਐਚਓ ਹਰੀਸ਼ ਕੁਮਾਰ ਨੇ ਬੇਗਮਪੁਰਾ ਟਾਈਗਰ ਫੋਰਸ ਦੇ ਅਹੁਦੇਦਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਤੌਰ ਥਾਣਾ ਮੁਖੀ ਹਰਿਆਣਾ ਉਹ ਅਮਨ ਕਾਨੂੰਨ ਬਹਾਲ ਰੱਖਣ ਲਈ ਆਪਣੀ ਬਣਦੀ ਜਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣਗੇ ਙ ਉਹਨਾਂ ਸਮਾਜ ਵਿਰੋਧੀ ਅਨਸਰਾਂ ਨੂੰ ਤਾੜਨਾ ਕਰਦਿਆਂ ਕਿਹਾ ਕਿ ਕਿਸੇ ਵੀ



ਕਿਸਮ ਦਾ ਨਸ਼ਾ ਵੇਚਣ ਵਾਲੇ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀ ਜਾਵੇਗਾ ਚਾਹੇ ਉਹ ਕਿੰਨੀ ਵੀ ਪਹੁੰਚ ਰੱਖਦਾ ਹੋਵੇ ਙ ਉਹਨਾ ਕਿਹਾ ਕਿ ਲਾਅ ਐਡ ਆਰਡਰ ਨੂੰ ਪੱਕੇ ਤੌਰ ਤੇ ਬਹਾਲ ਰੱਖਿਆ ਜਾਵੇਗਾ ! ਇਸ ਮੌਕੇ ਫੋਰਸ ਦੇ ਆਗੂਆਂ ਨੇ ਕਿਹਾ ਕਿ ਜਦੋਂ ਤੋ ਐਸਐਸਉ ਹਰੀਸ਼ ਕੁਮਾਰ ਨੇ ਥਾਣਾ ਹਰਿਆਣਾ ਦਾ ਚਾਰਜ ਲਿਆ ਹੈ ਉਸ ਦਿਨ ਤੋਂ ਹੀ ਇਲਾਕੇ ਵਿੱਚ ਨਸ਼ਾ ਖੋਰੀ ਅਤੇ ਲੁੱਟਾ ਖੋਹਾ ਨੂੰ ਵੱਡੇ ਪੱਧਰ ਤੇ ਠੱਲ ਪਈ ਹੈ ਆਗੂਆ ਨੇ ਥਾਣਾ ਮੁਖੀ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬੇਗਮ-ਪੁਰਾ ਟਾਈਗਰ ਫੋਰਸ 2009 ਤੋਂ ਹੀ ਸਮਾਜ ਸੇਵਾ ਦੇ ਕੰਮ ਕਰਦੀ ਆ ਰਹੀ ਹੈ ਉਹਨਾਂ ਇਹ ਵੀ ਕਿਹਾ ਕਿ ਬੇਗਮਪੁਰਾ ਟਾਈਗਰ ਫੋਰਸ ਸਾਰੇ ਵਰਗਾ ਸਾਝੀ ਫੋਰਸ ਹੈ ਨਾ ਕਿ ਕਿਸੇ ਇੱਕ ਵਰਗ ਦੀ ਫੋਰਸ ਹੈ ਇਸ ਮੌਕੇ ਥਾਣਾ ਮੁਖੀ ਨੇ ਲੋਕਾ ਨੂੰ ਅਪੀਲ ਕੀਤੀ ਕਿ ਪਬਲਿਕ ਨਸ਼ਾ ਤਸਕਰਾਂ ਤੇ ਨਕੇਲ ਕੱਸਣ ਲਈ ਨਸ਼ਾ ਤਸਕਰਾਂ ਦੀ ਜਾਣਕਾਰੀ ਪੁਲਿਸ ਨੂੰ ਦੇਣ ਉਹਨਾ ਕਿਹਾ ਕਿ ਜਾਣਕਾਰੀ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ। ਉਹਨਾਂ ਕਿਹਾ ਕਿ ਜਿਲਾ ਕਪਤਾਨ ਦੇ ਹੁਕਮਾਂ ਅਨੁਸਾਰ ਨਸ਼ਾ ਤਸਕਰਾਂ ਤੇ ਨਕੇਲ ਕੱਸਣ ਲਈ ਪੁਲਿਸ ਨੇ ਵਿਸ਼ੇਸ਼ ਅਭਿਆਨ ਚਲਾਇਆ ਹੋਇਆ ਹੈ ਉਹਨਾ ਕਿਹਾ ਕਿ ਅਪਰਾਧਕ ਘਟਨਾਵਾਂ ਤੇ ਰੋਕ ਲਾਉਣ ਲਈ ਖੇਤਰ ਦੇ ਲੋਕਾਂ ਨੂੰ ਪੁਲਿਸ ਦਾ ਡੱਟਕੇ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਜੋ ਅਪਰਾਧਿਕ ਘਟਨਾਵਾਂ ਨੂੰ ਠੱਲ ਪਾਈ ਜਾ ਸਕੇ ਉਹਨਾਂ ਕਿਹਾ ਕਿ ਪਿੰਡਾਂ ਵਿੱਚ ਲੜਾਈ ਝਗੜਿਆਂ ਨੂੰ ਪਹਿਲ ਦੇ ਅਧਾਰ ਤੇ ਨਿਬੇੜਨ ਦਾ ਯਤਨ ਕੀਤਾ ਜਾਵੇਗਾ ਉਹਨਾਂ ਕਿਹਾ ਕਿ ਸੜਕੀ ਦੁਰਘਟਨਾਵਾਂ ਨੂੰ ਰੋਕਣ ਲਈ ਛੋਟੀ ਉਮਰ ਦੇ ਬੱਚਿਆਂ ਨੂੰ ਵਾਹਨ ਦੇ ਕੇ ਸੜਕਾਂ ਤੇ ਨਾ ਭੇਜਿਆ ਜਾਵੇ ਤਾਂ ਜੋ ਵੱਧ ਰਹੀਆਂ ਘਟਨਾਵਾਂ ਘੱਟ ਸਕਣ ਉਹਨਾਂ ਨੇ ਚਿਤਾਵਨੀ ਦਿੱਤੀ ਕਿ ਬਿਨਾਂ ਨੰਬਰ ਦੇ ਚੱਲਣ ਵਾਲੇ ਦੋ ਪਈਆ ਵਾਹਨਾਂ ਤੇ ਪ੍ਰੈਸ਼ਰ ਹਾਰਨ ਲੱਗੇ ਵਾਹਨਾਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ । ਇਸ ਮੌਕੇ ਸਤੀਸ਼ ਕੁਮਾਰ , ਅਮਰੀਕ ਸਿੰਘ ਰਾਜੂ, ਮਨਪ੍ਰੀਤ ਕਲੋਤਾ ਆਦਿ ਹਾਜ਼ਰ ਸਨ ! **ਫੋਟੋ ਅਜਮੇਰ ਦੀਵਾਨਾ**

# ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਨੇ ਮੋਇਲਾ ਵਾਹਿਦਪੁਰ 'ਚ ਧੀਆਂ ਦੀ ਲੋਹੜੀ ਪਾ ਕੇ ਜੱਸ ਖੱਟਿਆ

## 30 ਧੀਆਂ ਦੀ ਲੋਹੜੀ ਪਾਈ ਤੇ ਆਪੋ ਆਪਣੀ ਪਹਿਚਾਣ ਬਣਾਉਣ ਵਾਲੀਆਂ 25 ਧੀਆਂ ਨੂੰ ਸਨਮਾਨਿਤ ਵੀ ਕੀਤਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਵਲੋ ਪਿੰਡ ਮੋਇਲਾ ਵਾਹਿਦਪੁਰ ਵਿੱਚ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਦੀ ਅਗਵਾਈ ਵਿੱਚ ਧੀਆਂ ਦੀ ਲੋਹੜੀ ਆਯੋਜਨ ਕੀਤਾ ਗਿਆ। ਜਿਸ ਵਿਚ 30 ਧੀਆਂ ਦੀ ਲੋਹੜੀ ਪਾਈ ਗਈ। ਇਹ ਸੁਸਾਇਟੀ ਦਾ ਅੱਠਵਾਂ ਧੀਆਂ ਦੀ ਲੋਹੜੀ ਦਾ ਆਯੋਜਨ ਸੀ। ਜਿਸ ਦੌਰਾਨ ਜਨਰਲ ਸਕੱਤਰ ਪੰਜਾਬ ਡਾਕਟਰ ਹਰੀਕ੍ਰਿਸ਼ਨ ਬੰਗਾ, ਬੁਲਾਰਾ ਪੰਜਾਬ ਪ੍ਰੋ. ਜਗਦੀਸ਼ ਰਾਏ, ਜਸਪ੍ਰੀਤ ਕੌਰ ਜਿਲ੍ਹਾ ਪ੍ਰਧਾਨ ਹੁਸ਼ਿਆਰਪੁਰ, ਬਹਾਦੁਰ ਚੰਦ ਅਰੋੜਾ ਜਿਲ੍ਹਾ ਪ੍ਰਧਾਨ ਨਵਾਂਸਹਿਰ, ਕਿਰਨ ਬਾਲਾ ਬੰਗਾ ਜਨਰਲ ਸਕੱਤਰ ਜ਼ਿਲ੍ਹਾ ਨਵਾਸ਼ਹਿਰ, ਜਸਪ੍ਰੀਤ ਬਾਜਵਾ ਵਾਈਸ ਪ੍ਰਧਾਨ ਜਿਲ੍ਹਾ ਨਵਾਂਸ਼ਹਿਰ, ਮਲਕੀਤ ਕੌਰ ਜੰਡੀ ਸਕਤੱਰ ਜਿਲ੍ਹਾ ਨਵਾਂਸ਼ਹਿਰ, ਵਾਸੁਦੇਵ ਪਰਦੇਸੀ ਪ੍ਰੈਸ ਸਕਤੱਰ ਜਿਲ੍ਹਾ ਨਵਾਸ਼ਹਿਰ, ਦਰਸ਼ਨ ਕੁਮਾਰ, ਗੁਰਜੀਤ ਸਿੰਘ, ਹਰਪ੍ਰੀਤ ਸਿੰਘ ਬਲਾਕ ਪ੍ਰਧਾਨ ਗੜ੍ਹਸ਼ੰਕਰ, ਜੋਗਿੰਦਰ ਪਾਲ ਹੈਪੀ ਵਾਈਸ ਪ੍ਰਧਾਨ ਬਲਾਕ, ਸੰਤੋਖ ਸਿੰਘ ਜੁਆਇੰਟ ਸਕੱਤਰ ਬਲਾਕ, ਸੁਰਜੀਤ ਸਿੰਘ ਮੈਂਬਰ ਬਲਾਕ, ਸੈਂਡੀ ਭਜਲਾਂ ਵਾਲ਼ਾ, ਆਦਿ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ । ਇਸ ਮੋਕੇ ਪ੍ਰੋ. ਜਗਦੀਸ਼ ਰਾਏ ਬੁਲਾਰਾ ਪੰਜਾਬ ਨੇ ਕਿਹਾ ਕਿ ਲੋਹੜੀ ਸਾਡਾ ਬਹੁਤ ਹੀ ਪੁਰ-ਾਤਨ ਤਿਉਹਾਰ ਹੈ, ਪਹਿਲਾ ਸਿਰਫ ਪੁੱਤਰਾਂ ਦੀ ਲੋਹੜੀ ਪਾਈ ਜਾਂਦੀ ਸੀ। ਹੁਣ ਸਮੇਂ ਦੀ ਤਬਦੀਲੀ ਨਾਲ 2017 ਤੋ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਇਸ ਨੇਕ ਉਪਰਾਲੇ ਨਾਲ ਬੇਟੀਆਂ ਨੂੰ ਸਨਮਾਨ ਮਿਲਣ ਲੱਗਾ ਅਤੇ ਧੀਆਂ ਦੀ ਲੋਹੜੀ ਪਾਈ ਜਾਣ ਲੱਗੀ । ਡਾਕਟਰ ਹਰਿਕ੍ਰਿਸ਼ਨ ਬੰਗਾ ਨੇ ਕਿਹਾ ਕਿ ਧੀਆ ਦਾ ਇਕ ਸਮਾਜ ਨੂੰ ਸਿਰਜਨ ਵਿਚ ਬਹੁਤ ਬੜਾ ਰੋਲ ਹੁੰਦਾ ਹੈ, ਇਹਨਾ ਦਾ ਮਾਣ ਸਨਮਾਨ ਪਹਿਲ ਦੇ ਆਧਾਰ ਤੇ ਕੀਤਾ ਜਾਣਾ ਚਾਹੀਦਾ ਹੈ। ਮੈਡਮ ਕਿਰਨ ਬਾਲਾ ਬੰਗਾ ਜਨਰਲ ਸਕੱਤਰ ਜ਼ਿਲ੍ਹਾ ਨਵਾਸ਼ਹਿਰ ਨੇ ਕਿਹਾ ਬੇਟੀਆਂ ਅੱਜ ਹਰ ਖੇਤਰ ਵਿੱਚ ਅਪਣੀ





ਹੋਂਦ ਨੂੰ ਦਰਸਾ ਰਹੀਆਂ ਹਨ ਲ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਆਏ ਹੋਏ ਮਹਿਮਾਨਾਂ, ਪਿੰਡ ਦੇ ਸਰਪੰਚ ਸਰਦਾਰ ਜਸਵਿੰਦਰ ਸਿੰਘ ਅਤੇ ਉਹਨਾਂ ਦੇ ਪੰਚਾਇਤ ਮੈਂਬਰਾਂ ਅਤੇ ਨੰਨ੍ਹੀਆਂ ਧੀਆ ਦੀਆ ਮਾਤਾਵਾਂ ਦਾ ਧੰਨਵਾਦ ਕੀਤਾ ਜਿਹਨਾਂ ਨੇ ਅਯੋਜਨ ਵਿੱਚ ਆ ਕੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਵਡਮੁੱਲਾ ਯੋਗਦਾਨ ਦਿੱਤਾ । ਇਸ ਮੌਕੇ ਉਨ੍ਹਾਂ 25 ਬੇਟੀਆਂ ਦਾ ਸਨਮਾਨ ਵੀ ਕੀਤਾ ਗਿਆ ਜੋਂ ਅਲੱਗ ਅਲੱਗ ਖੇਤਰਾਂ ਵਿੱਚ ਆਪਣੇ ਪਿੰਡ ਅਤੇ ਮਾਤਾ ਪਿਤਾ ਦਾ ਨਾਮ ਉੱਚਾ ਕਰ ਰਹੀਆਂ ਹਨ। ਪਿੰਡ ਦੇ ਸਰਪੰਚ ਸਰਦਾਰ ਜਸਵਿੰਦਰ ਸਿੰਘ ਨੇ ਆਪਣੇ ਪਿੰਡ ਵਿਚ ਧੀਆਂ ਦੀ ਲੋਹੜੀ ਪਾਉਣ ਲਈ ਸੁਸਾਇਟੀ ਮੈਂਬਰਾਂ ਦਾ ਧੰਨਵਾਦ ਕੀਤਾ। ਉਹਨਾ ਕਿਹਾ ਕਿ ਸਮਾਜ ਵਿਚ ਇਹੋ ਜਿਹੇ ਉਪਰਾਲੇ ਹੁੰਦੇ ਰਹਿਣੇ ਚਾਹੀਦੇ ਹਨ। ਇਹਨਾ ਨਾਲ ਸਮਾਜ ਨੂੰ ਸੇਧ ਮਿਲਦੀ ਹੈ। ਉੱਘੇ ਸਮਾਜ ਸੇਵੀ ਰੋਕੀ ਮੋਈਲਾ ਨੇ ਕਿਹਾ ਬੇਟੀਆਂ ਦੇ ਨਾਲ ਨਾਲ ਹੁਣ ਬੇਟਿਆਂ ਨੂੰ ਵੀ ਸੇਧ ਦੇਣ ਦੀ ਲੋੜ ਹੈ ਜੌ ਨਸ਼ਿਆਂ ਦਾ ਕਾਲਾ ਦੌਰ ਚਲ ਰਿਹਾ ਹੈ ਉਸ ਤੋਂ ਬਚਾਉਣ ਲਈ ਮਿਲ ਜੁਲ ਕੇ ਇਕ ਮੁਹਿੰਮ ਵਿਢਣ ਦੀ ਲੋੜ ਹੈ। ਇਸ ਮੌਕੇ ਬੀਬੀ ਬਲਵਿੰਦਰ ਕੌਰ ਅਤੇ ਉੱਘੇ ਸਮਾਜ ਸੇਵੀ ਸੈਂਡੀ ਭੱਜਲਾਂ ਵਾਲੇ ਦਾ ਸਨਮਾਨ ਕੀਤਾ ਗਿਆ ਜੋਕਿ ਬੇਜੁਬਾਨ ਜਾਨਵਰਾਂ ਦਾ ਪਾਲਣ ਪੋਸ਼ਣ ਕਰਦੇ ਹਨ ਅਤੇ ਉਹਨਾਂ ਦਾ ਇਲਾਜ ਕਰਦੇ ਹਨ। ਇਸ ਮੌਕੇ ਦਵਿੰਦਰ ਸਿੰਘ ਜਰਮਨ ਵਾਸੀ ਦੀ ਮਦਦ ਨਾਲ ਸਕੂ਼ਲ ਵਿਦਿਅਰਥੀਆਂ ਨੂੰ ਕੋਟੀਆਂ ਅਤੇ ਬੂਟ ਜੁਰਾਬਾਂ ਵਿਤਰਿਤ ਕੀਤੇ ਗਏ ਲ ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤੀਸ਼ ਕੁਮਾਰ ਸੋਨੀ ਪ੍ਰਧਾਨ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ, ਡਾਕਟਰ ਹਰੀਕ੍ਰਿਸ਼ਨ ਬੰਗਾ ਜਨਰਲ ਸਕੱਤਰ,ਪ੍ਰੋ.ਜਗਦੀਸ਼ ਰਾਏ ਬੁਲਾਰਾ ਪੰਜਾਬ, ਜਸਪ੍ਰੀਤ ਕੌਰ ਜਿਲ੍ਹਾ ਪ੍ਰਧਾਨ ਹੁਸ਼ਿਆਰਪੁਰ, ਜਸਪ੍ਰੀਤ ਬਾਜਵਾ ਵਾਈਸ ਪ੍ਰਧਾਨ ਜਿਲ੍ਹਾ ਨਵਾਂਸ਼ਹਿਰ, ਬਹਾਦੁਰ ਚੰਦ ਅਰੋੜਾ ਜਿਲ੍ਹਾ ਪ੍ਰਧਾਨ, ਕਿਰਨ ਬਾਲਾ ਬੰਗਾ ਜਨਰਲ ਸਕੱਤਰ ਜਿਲ੍ਹਾ, ਵਾਸੁਦੇਵ ਪਰਦੇਸੀ ਪ੍ਰੈਸ ਸਕਤੱਰ ਜਿਲ੍ਹਾ, ਦਰਸ਼ਨ ਕੁਮਾਰ, ਗੁਰਜੀਤ ਸਿੰਘ, ਪ੍ਰੀਤ ਪਾਰੋਵਾਲੀਆ ਪ੍ਰਧਾਨ ਬਲਾਕ, ਹੈਪੀ ਸਾਧੋਵਾਲੀਆ ਵਾਈਸ ਪ੍ਰਧਾਨ ਬਲਾਕ, ਸੰਤੋਖ ਸਿੰਘ ਜੁਆਇੰਟ ਸਕੱਤਰ, ਸੈਂਡੀ ਭੱਜਲਾਂ ਵਾਲਾ, ਬੀਬੀ ਬਲਵਿੰਦਰ ਕੌਰ, ਸਰਦਾਰ ਜਸਵਿੰਦਰ ਸਿੰਘ ਸਰਪੰਚ, ਗੁਰਦਿਆਲ ਸਿੰਘ ਪੰਚ , ਮੱਖਣ ਸਿੰਘ ਪੰਚ,ਡਾਕਟਰ ਰਵਿੰਦਰ ਕੁਮਾਰ,ਸੀਮਾ ਰਾਣੀ ਮੈਬਰ, ਦਲਵੀਰ ਸਿੰਘ ਪੰਚ, ਹਰਭਜਨ ਸਿੰਘ ਡੀ ਪੀ, ਰੋਕੀ ਮੌਲਾ, ਮਲਕੀਤ ਕੌਰ ਜੰਡੀ ਸਕਤਰ ਜਿਲ੍ਹਾ, ਪੂਨਮ ਰਾਣੀ ਪੰਚ ,ਜਸਵੀਰ ਸਿੰਘ , ਤੇਜਪ-ਾਲ ਸਿੰਘ, ਹਰਬੰਸ ਕੌਰ ਆਂਗਣਵਾੜੀ ਵਰਕਰ ,ਰਾਣੀ ਦੇਵੀ ਹੈਲਪਰ ਮੀਨਾ ਵਰਕਰ ਆਂਗਣਵਾੜੀ ਵਰਕਰ ,ਪ੍ਰੇਮ ਲਤਾ ਹੈਲਪਰ,ਮਾਸਟਰ ਅਵਤਾਰ ਸਿੰਘ ਹੈਡ ਟੀਚਰ,ਮੈਡਮ ਅਰਸ਼ਦੀਪ ਕੌਰ,ਮੈਡਮ ਰਜਨੀ, ਮੈਡਮ ਸੁਨੈਨਾ, ਉਘੇ ਸਮਾਜ ਸੇਵੀ ਰਾਜੀਵ ਕੰਡਾ ਅਤੇ ਹੋਰ ਪਤਵੰਤੇ ਸੱਜਣ ਹਾਜ਼ਿਰ ਸਨ।

# ''ਲੋਹੜੀ'' ਸ਼ਬਦ ਕਿਵੇਂ ਬਣਿਆ?

"ਲੋਹੜੀ" ਸ਼ਬਦ ਬਾਰੇ ਅਕਸਰ ਕਿਹਾ ਜਾਂਦਾ ਹੈ ਕਿ ਇਹ ਸ਼ਬਦ "ਤਿਲ+ਰੋੜੀ" ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੋਇਆ ਹੈ ਕਿਉਂਕਿ ਇਸ ਦਿਨ ਜਿਸ ਘਰ ਵਿੱਚ ਨਵ-ਜਨਮੇ ਬਾਲ ਦੇ ਰੂਪ ਵਿੱਚ ਮੁੰਡੇ ਨੇ ਜਨਮ ਲਿਆ ਹੋਵੇ, ਉਸ ਘਰ ਵਿੱਚ ਵਿਸ਼ੇਸ਼ ਤੌਰ 'ਤੇ ਇਹਨਾਂ ਚੀਜ਼ਾਂ ਨੂੰ ਖਾਧੇ ਅਤੇ ਵੰਡੇ ਜਾਣ ਦੀ ਪਰੰਪਰਾ ਹੈ। ਇਸ ਖ਼ੁਸ਼ੀ ਵਿੱਚ ਮੁੰਡੇ ਦੇ ਘਰਦਿਆਂ ਵੱਲੋਂ ਲੋਹੜੀ ਮੰਗਣ ਵਾਲ਼ਿਆਂ ਨੂੰ ਗੁੜ, ਰਿਓੜੀਆਂ ਅਤੇ ਮੂੰਗਫ਼ਲੀ ਆਦਿ ਚੀਜ਼ਾਂ ਵੰਡੀਆਂ ਜਾਂਦੀਆਂ ਹਨ। ਘਰਾਂ ਜਾਂ ਸਾਂਝੀਆਂ ਥਾਂਵਾਂ ਉੱਤੇ ਲੋਕ ਰਲ਼ ਕੇ ਧੂਣੀਆਂ ਬਾਲ਼ਦੇ ਹਨ। ਘਰਾਂ ਵਿੱਚ ਬਾਲ਼ੀਆਂ ਜਾਣ ਵਾਲ਼ੀਆਂ ਧੂਣੀਆਂ ਵਿੱਚ ਤਿਲ਼ ਸੁੱਟੇ ਜਾਂਦੇ ਹਨ ਜਿਸ ਨਾਲ਼ ਘਰ ਦਾ ਸਾਰਾ ਦਲਿੱਦਰ ਦੂਰ ਹੋਇਆ ਸਮਝਿਆ ਜਾਂਦਾ ਹੈ।

ਜੇ ਕਰ ਇਸ ਤਿਉਹਾਰ ਨੂੰ ਉਪਰੋਕਤ ਵਰਤਾਰੇ ਅਨੁਸਾਰ ਮਨਾਉਣ ਦੀ ਪਰੰਪਰਾ ਵਜੋਂ ਦੇਖਿਆ ਜਾਵੇ ਤਾਂ ਇਹਨਾਂ ਸਾਰੇ ਰੀਤੀ-ਰਿਵਾਜਾਂ ਵਿੱਚ ਘਰ ਵਿੱਚ ਜਨਮ ਲੈਣ ਵਾਲ਼ੇ ਬੱਚੇ ਦਾ ਤਾਂ ਕਿਧਰੇ ਜ਼ਿਕਰ ਹੀ ਨਹੀਂ ਆਉਂਦਾ ਜਦਕਿ ਇਹ ਤਿਉਹਾਰ ਨਵ-ਜਨਮੇ ਬਾਲ ਦੀ ਖ਼ੁਸ਼ੀ ਵਜੋਂ ਮਨਾਇਆ ਜਾਂਦਾ ਹੈ। ਇਸ ਲਈ ਮੇਰੇ ਵਿਚਾਰ ਅਨੁਸਾਰ ਕਿਉਂਕਿ ਇਹ ਤਿਉਹਾਰ ਘਰ ਵਿੱਚ ਨਵੇਂ ਆਏ ਜੀਅ ਦੀ ਖ਼ੁਸ਼ੀ ਵਜੋਂ ਮਨਾਇਆ ਜਾਂਦਾ ਹੈ ਇਸ ਲਈ ਲੋਹੜੀ ਸ਼ਬਦ "ਤਿਲ਼+ਰੋੜੀ" ਜਾਂ ਅਜਿਹੇ ਹੀ ਕਿਸੇ ਹੋਰ ਸ਼ਬਦ ਤੋਂ ਨਹੀਂ ਬਣਿਆ ਹੋਇਆ ਸਗੋਂ ਪੰਜਾਬੀ ਭਾਸ਼ਾ ਦੇ ਇੱਕ ਬਹੁਤ ਹੀ ਪੁਰਾਤਨ ਸ਼ਬਦ "ਲਹੁੜੀ" ਤੋਂ ਬਣਿਆ ਹੋਇਆ ਹੈ ਜਿਸ ਦੇ ਅਰਥ ਹਨ: ਸਾਰਿਆਂ ਤੋਂ ਛੋਟੀ ਜਾਂ ਛੋਟਾ। ਇਸ ਦਾ ਸਬੂਤ ਇਹ ਹੈ ਕਿ ਜਿਨ੍ਹਾਂ ਘਰਾਂ ਵਿੱਚ ਮੁੰਡੇ ਦਾ ਜਨਮ ਹੋਇਆ ਹੁੰਦਾ ਹੈ, ਉਹਨਾਂ ਘਰਾਂ ਵਿੱਚ ਨਵ-ਜਨਮੇ ਬਾਲ ਦੀ ਖ਼ੁਸ਼ੀ ਵਿੱਚ ਮਨਾਏ ਜਾਣ ਵਾਲ਼ੇ ਇਸ ਤਿਉਹਾਰ ਨੂੰ ਘਰ ਵਿੱਚ ਸਭ ਤੋਂ ਛੋਟੇ ਜੀਅ ਦੇ ਆਗਮਨ ਕਾਰਨ "ਲਹੁੜੀ" ਆਖਿਆ ਜਾਣ ਲੱਗਾ ਪਿਆ ਜੋ ਬਾਅਦ ਵਿੱਚ ਰਤਾ ਕੁ ਵਿਗੜ ਕੇ ਲੋਕ-ਉਚਾਰਨ ਵਿੱਚ ਸੁਖੈਨਤਾ ਲਿਆਉਣ ਦੀ ਖ਼ਾਤਰ "ਲੋਹੜੀ" ਦਾ ਰੂਪ ਧਾਰ ਗਿਆ। ਇਸ ਪ੍ਰਕਾਰ ਹੌਲ਼ੀ-ਹੌਲ਼ੀ ਇਹ ਤਿਉਹਾਰ "ਲੋਹੜੀ" ਦੇ ਨਾਂ ਨਾਲ਼ ਪ੍ਰਸਿੱਧ ਹੋ ਗਿਆ। ਕਈ ਘਰਾਂ ਵਿੱਚ ਤਾਂ ਅੱਜ ਕੁੜੀਆਂ ਦੀ ਲੋਹੜੀ ਵੀ ਮਨਾਈ ਜਾਂਦੀ ਹੈ ਜੋਕਿ ਪੰਜਾਬੀ ਭਾਈਚਾਰੇ ਲਈ ਇੱਕ ਬਹੁਤ ਹੀ ਸ਼ੁੱਭ ਸਗਨ ਹੈ।

ਇਸ ਗੱਲ ਦੇ ਸਬੂਤ ਵਜੋਂ ਭਾਈ ਗੁਰਦਾਸ ਜੀ ਦੀ ਇੱਕ ਵਾਰ ਵਿੱਚ ਇਸ ਸ਼ਬਦ ਦਾ ਜ਼ਿਕਰ "ਛੋਟਾ" ਜਾਂ "ਛੋਟੀ" ਦੇ ਅਰਥਾਂ ਵਿੱਚ ਵਾਰ-ਵਾਰ ਕੀਤਾ ਗਿਆ ਹੈ ਜੋ ਇਸ ਪ੍ਰਕਾਰ ਹੈ;

ਜਿਉ ਲਹੁੜੀ ਚੀਚੂੰਗਲੀ ਪੈਧੀ ਛਾਪ ਮਿਲੀ ਵਡਿਆਈ ॥
ਲਹੁੜੀਂ ਘਨਹਰ ਬੂੰਦ ਹੋਇ ਪਰਗਟ ਮੋਤੀ ਸਿਪ ਸਮਾਈ॥
ਲਹੁੜੀ ਬੂਟੀ ਕੇਸਰੈ ਮਥੈ ਟਿਕਾ ਸੋਭਾ ਪਾਈ॥
ਲਹੁੜੀਂ ਪਾਰਸ ਪਥਰੀ ਅਸਟ ਧਾਤੂ ਕੰਚਨ ਕਰਵਾਈ॥
ਜਿਉਂ ਮਣਿ ਲਹੁੜੇ ਸਪ ਸਿਰ ਦੇਖੈ ਲੁਕ ਲੁਕ ਲੋਕ ਲੁਕਾਈ॥
ਜਾਨ ਰਸਾਇਣ ਪਾਰਿਅਹੁ ਰਤੀ ਮੁਲ ਨਾ ਜਾਇ ਮੁਲਾਈ॥
ਆਪ ਗਣਾਇ ਨਾ ਆਪ ਗਣਾਈ॥

(*ਚੀਚੂੰਗਲੀ= ਚੀਚੀ ਉਂਗ਼ਲੀ; ਮਣਿ=ਮਣੀ)

ਇਸ ਲਈ ਉਪਰੋਕਤ ਅਨੁਸਾਰ ਬਹੁਤੀ ਸੰਭਾਵਨਾ ਇਹੋ ਹੀ ਹੈ ਕਿ "ਲੋਹੜੀ" ਸ਼ਬਦ ਦਾ ਜਨਮ ਇਸੇ "ਲਹੁੜੀ" ਸ਼ਬਦ ਤੋਂ ਹੀ ਹੋਇਆ ਹੈ ਜਿਸ ਦੀ ਵਰਤੋਂ ਭਾਈ ਗੁਰ-ਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿੱਚ ਵੀ ਕੀਤੀ ਹੈ। ਇਸ ਪ੍ਰਕਾਰ ਦੇਖਿਆਂ ਪਤਾ ਲੱਗਦਾ ਹੈ ਕਿ "ਲਹੁੜੀ" ਸ਼ਬਦ ਤਾਂ ਹੌਲ਼ੀ-ਹੌਲ਼ੀ ਪੰਜਾਬੀ ਭਾਸ਼ਾ ਵਿੱਚੋਂ ਲਗ-ਪਗ ਪੂਰੀ ਤਰ੍ਹਾਂ ਨਾਲ਼ ਹੀ ਅਲੋਪ ਹੋ ਗਿਆ ਹੈ ਪਰ ਜਾਂਦਾ-ਜਾਂਦਾ ਆਪਣੇ ਪਿੱਛੇ "ਲੋਹੜੀ" ਦਾ ਤਿਉਹਾਰ ਮਨਾਉਣ ਦੀ ਪਰੰਪਰਾ ਜ਼ਰੂਰ ਛੱਡ ਗਿਆ ਹੈ।



ਜਸਵੀਰ ਸਿੰਘ ਪਾਬਲਾ,
ਲੰਗੜੋਆ, ਨਵਾਂਸ਼ਹਿਰ।
ਫ਼ੋਨ ਨੰ. 98884-03052.

## ਲੋਹੜੀ ਮੁਬਾਰਕ

ਬੇਸ਼ਕ ਬਚਪਨ ਵਿੱਚ ਸਾਡੇ ਕੋਲ ਤਿਓਹਾਰ ਮਨਾਉਣ ਲਈ ਸਾਧਨ ਯਾਨੀ ਮਾਇਆ ਦੀ ਕਮੀ ਹੀ ਹੁੰਦੀ ਸੀ, ਫਿਰ ਵੀ ਤਿਓਹਾਰਾਂ ਦੀ ਪੂਰੀ ਖੁਸ਼ੀ ਹੁੰਦੀ ਸੀ ਅਤੇ ਅਸੀਂ ਆਪਣੇ ਹੀ ਢੰਗ ਨਾਲ ਤਿਓਹਾਰ ਨੂੰ ਮਨਾ ਲੈਂਦੇ ਸਾਂ । ਲੋਹੜੀ ਵਾਲੇ ਦਿਨ ਸਾਡੇ ਕਸਬੇ ਪੱਟੀ ਵਿੱਚ ਸਵੇਰੇ ਤੜ੍ਹਕੇ ਤੋਂ ਹੀ ਬੇਹੱਦ ਪਤੰਗਾਂ ਉਡਦੀਆਂ ਸਨ ਅਤੇ ਇੱਕ ਦੂਜੇ ਨਾਲ ਪੇਚੇ ਲਗਾ ਕੇ ਦੂਜੇ ਦੀ ਪਤੰਗ ਕੱਟਣ ਤੋਂ ਬਾਅਦ ਸਪੀਕਰ ਵਿੱਚ ਰੌਲਾ ਪਾ ਕੇ ਆਪਣੀ ਜਿੱਤ ਦਾ ਮੁਜਾਹਰਾ ਕੀਤਾ ਜਾਂਦਾ ਸੀ । ਸਾਡੇ ਕੋਲ ਇਹ ਸਭ ਕਰਨ ਦੇ ਸਾਧਨ ਨਾ ਹੋਣ ਕਰਕੇ ਅਸੀਂ ਕੱਟੀਆਂ ਗਈਆਂ ਪਤੰਗਾ ਅਤੇ ਡੋਰ ਲੁੱਟ ਕੇ ਆਪਣਾ ਲੋਹੜੀ ਦਾ ਚਾਅ ਪੂਰਾ ਕਰ ਲੈਂਦੇ ਸਾਂ। ਜਦੋਂ ਦੁਪਹਿਰ ਤੱਕ ਸਾਡੇ ਕੋਲ ਵੀ ਪਤੰਗ ਉਡਾਉਣ ਲਈ ਸਮਾਨ ਤਿਆਰ ਹੋ ਜਾਂਦਾ ਤਾਂ ਅਸੀਂ ਵੀ ਆਪਣਾ ਰਾਂਝਾ ਰਾਜ਼ੀ ਕਰ ਲੈਂਦੇ । ਅਗਰ ਸਾਡੇ ਕੋਲ ਲੁੱਟੀ ਹੋਈ ਇੱਕ ਅੱਧੀ ਪਤੰਗ ਅਤੇ ਥੋੜ੍ਹੀ ਜਿਹੀ ਡੋਰ ਹੁੰਦੀ ਤਾਂ ਅਸੀਂ ਪੇਚੇ ਲਗਾਉਣ ਤੋਂ ਡਰਦੇ ਹੋਏ ਥੋੜ੍ਹਾ ਹਟ ਕੇ ਆਪਣੀ ਪਤੰਗ ਉਡਾਉਂਦੇ ਸਾਂ ਤਾਂਕਿ ਕੋਈ ਪੇਚਾ ਲਗਾ ਕੇ ਸਾਡੇ ਵੱਲੋਂ ਮਿਹਨਤ ਕਰ ਕੇ ਇੱਕਠੀ ਕੀਤੀ ਜਾਇਦ-ਾਦ ( ਪਤੰਗ ਅਤੇ ਡੋਰ ) ਤਬਾਹ ਨਾ ਕਰ ਦੇਵੇ । ਸ਼ਾਮ ਤੱਕ ਪਤੰਗਾਂ ਦਾ ਮੁਕਾਬਲਾ ਪੂਰੇ ਜ਼ੋਰ ਸ਼ੋਰ ਨਾਲ ਚਲਦਾ । ਸ਼ਾਮ ਢਲਦੇ ਹੀ ਅਸੀਂ ਸਾਰੇ ਮੁਹੱਲੇ ਵਾਲੇ ਵੱਡੇ ਛੋਟੇ ਬੱਚੇ ਇਕੱਠੇ ਹੋ ਜਾਂਦੇ ਅਤੇ ਬੋਰੀਆਂ , ਥੈਲੇ ਅਤੇ ਕਈ ਤਰ੍ਹਾਂ ਦੇ ਵੱਡੇ ਵੱਡੇ ਭਾਂਡੇ ਇਕੱਠੇ ਕਰਕੇ ਲੋਕਾਂ ਦੇ ਘਰਾਂ ਵਿੱਚ ਲੋਹੜੀ ਮੰਗਣ ਚੱਲ ਪੈਂਦੇ । ਜਿਹਨਾਂ ਘਰਾਂ ਵਿੱਚ ਕੋਈ ਨਵਾਂ ਵਿਆਹ ਜਾਂ ਮੁੰਡਾ ਹੋਇਆ ਹੁੰਦਾ ਤਾਂ ਉਹਨਾਂ ਘਰੋਂ ਵਿੱਚੋਂ ਮੂੰਗਫਲੀ , ਰਿਉੜੀਆਂ , ਫੁੱਲੇ ਅਤੇ ਪੈਸੇ ਮਿਲਣ ਦੀ ਉਮੀਦ ਜ਼ਿਆਦਾ ਹੁੰਦੀ ਸੀ , ਇਸ ਕਰਕੇ ਉਹਨਾਂ ਘਰਾਂ ਅੱਗੇ ਜਾ ਕੇ ਸੁੰਦਰ ਮੁੰਦਰੀਏ .....ਹੋ
ਤੇਰਾ ਕੌਣ ਵਿਚਾਰਾ ...ਹੋ
ਦੀ ਆਵਾਜ਼ ਜ਼ਿਆਦਾ ਉੱਚੀ ਹੁੰਦੀ ਸੀ । ਇਸ ਤਰ੍ਹਾਂ ਕਰਦੇ ਕਰਦੇ ਅਸੀਂ ਰਾਤ ਤੱਕ ਮੂੰਗਫਲੀ ,ਰਿਉੜੀਆਂ, ਫੁੱਲੇ , ਲੱਕੜਾਂ , ਪਾਥੀਆਂ ਅਤੇ ਹੋਰ ਬਹੁਤ ਕੁਝ ਇਕੱਠਾ ਕਰ ਲੈਂਦੇ ।
ਜਿਸ ਘਰ ਵਿੱਚੋਂ ਸਾਨੂੰ ਕੋਈ ਚੀਜ਼ ਨਾ ਮਿਲਦੀ ਜਾਂ ਘਰਵਾਲੇ ਕੰਜੂਸ ਹੋਣ ਕਰਕੇ ਸਾਡੀ ਆਵਾਜ਼ ਸੁਣਨ ਦੇ ਬਾਵਜੂਦ ਦਰਵਾਜ਼ਾ ਨਾ ਖੋਲ੍ਹਦੇ ਤਾਂ ਉਹਨਾਂ ਦੇ ਘਰ ਦੇ ਬਾਹਰ ਉੱਚੀ ਸਾਰੀ
ਹੁੱਕਾ ਬਈ ਹੁੱਕਾ
ਇਹ ਘਰ ਭੁੱਖਾ
ਕਹਿ ਕੇ ਅੱਗੇ ਲੰਘ ਜਾਂਦੇ ।
ਚੌਂਕ ਵਿੱਚ ਜਾਕੇ ਅਸੀਂ ਇਕੱਠੀਆਂ ਹੋਈਆਂ ਪਾਥੀਆਂ ਅਤੇ ਲੱਕੜਾਂ ਨੂੰ ਚਿਣ ਦਿੰਦੇ ਜੋ ਕਾਫੀ ਉੱਚਾ ਟਿੱਬਾ ਜਿਹਾ ਬਣ ਜਾਂਦਾ। ਅਸੀਂ ਸਾਰੇ ਉਹਦੇ ਦਵਾਲੇ ਇਕੱਠੇ ਹੋ ਜਾਂਦੇ ਅਤੇ ਲਿਆਂਦੇ ਵੱਡੇ ਭਾਂਡਿਆਂ ਪ੍ਰਾਤ , ਟੱਬ ਵਗੈਰਾ ਵਿੱਚ ਮੂੰਗਫਲੀ , ਰਿਉੜੀਆਂ ,ਫੁੱਲੇ, ਚਿਰਵੜੇ, ਗੁੜ ਅਤੇ ਹੋਰ ਮਿਲਿਆ ਖਾਣ ਪੀਣ ਦਾ ਸਾਮਾਨ ਪਾ ਕੇ ਸਾਰਿਆਂ ਦੀਆਂ ਝੋਲੀਆਂ ਵਿੱਚ ਪਾਉਂਦੇ ਅਤੇ ਲੱਕੜਾਂ ਪਾਥੀਆਂ ਦੇ ਢੇਰ ਨੂੰ ਅੱਗ ਲਗਾ ਕੇ ਗਾਉਂਦੇ ਹੋਏ ਉਹਦੇ ਦਵਾਲੇ ਘੁੰਮਦੇ ਹੋਏ ਆਪਣੀਆਂ ਝੋਲੀਆਂ ਵਿੱਚੋਂ ਕੁਝ ਸਾਮਾਨ ਅਗਨੀ ਭੇਂਟ ਕਰਦੇ ਹੋਏ ਅੱਗ ਸਕਦੇ ਅਤੇ ਨੱਚ ਟੱਪ ਕੇ ਘਰੋ ਘਰੀ ਜਾ ਰਜਾਈਆਂ ਵਿੱਚ ਵੜ ਜਾਂਦੇ ।



ਡਾਕਟਰ ਇੰਦਰਜੀਤ ਕਮਲ

## 'ਸੰਧਾਰਾ

ਮੀਤੋ ਨੀ ਕੀ ਹੋਇਆ ਕੁੜ੍ਹੇ,ਫਿੱਟੇਹਾਲ,ਨੀ ਹੋਸ਼ ਕਰ ,ਕਾੜ੍ਹਨੀ ਦਾ ਸਾਰਾ ਦੁੱਧ ਉਬਾਲ਼ ਮਾਰ ਬਾਹਰ ਡੁੱਲੀ ਜਾਂਦਾ,
ਫੋਟ.... ਨੂੰ ਅਜੇ ਵੀ ਨਹੀਂ ਸੁਣਦਾ,
ਮੀਤੋ ਨੀ ਮੀਤੋ,
ਮੀਤੋ ਦੀ ਸੱਸ ਨੇ ਅੱਗ ਉੱਤੇ ਪਾਣੀ ਦੇ ਕੁੱਝ ਛਿੱਟੇ ਮਾਰ ਅੱਗ ਮੱਠੀ ਕਰਦੇ ਹੋਏ ਮੀਤੋ ਦੇ ਮੋਢੇ ਹਲੂਨ ਕੇ ਕਿਹਾ , ਨੀ ਖੇਖਣ ਜਿਹੇ ਨਾ ਕਰਿਆ ਕਰ , ਅੱਜ ਰਾਣੋ ਕੋਲੇ ਜਾਣਾ ਮੈਂ ,, ਸੁੱਖ ਨਾਲ ਸੰਧਾਰਾ ਦੇਣ ,ਮੈਂ ਸੋਚਦੀ ਸੀ ਸੇਰ ਦੋ ਸੇਰ ਦੁੱਧ ਵੀ ਫੜੀ ਜਾਂਦੀ ਨਾਲ,ਪਰ ਤੂੰ ਨਕਫ਼ਨੀ ਨੇ ਦੁੱਧ ਸਾਰਾ ਅੱਗ ਲਾ ਦਿੱਤਾ,ਚਲ ਉੱਠ ਮੈਨੂੰ ਫੜਾ ਸਮਾਨ ਤੇਰੇ ਕੰਜਰਖਾਨੇ ਚ ਮੇਰੀ ਲਾਰੀ ਹੀ ਨਾ ਲੰਘ ਜਾਵੇ ਇਕ ਤਾਂ ਜੈਖਾਨੀ ਹੋਰ ਆਉਣੀ ਵੀ ਨਹੀਂ ਦੂਜੀ ਵਾਰ।
'ਫੜੌਨੀ ਆ ਬੇਬੇ ' ਏਨਾ ਕਹਿ ਮੀਤੋ ਸਬਾਤ ਵਿੱਚੋ ਇਕ ਝੋ਼ਲਾ ਬੇਬੇ ਨੂੰ ਫੜਾ ਬੋਲੀ,ਬੇਬੇ ਨੇਰਾ ਨਾ ਕਰੀਂ, ਪਰਛਾਵੇਂ ਢਲਣ ਸਾਰ ਤੁਰ ਪਈ ਉਥੋਂ, ਅੱਗੋ ਬਾਹਰਲੀ ਫ਼ਿਰਨੀ ਉਤੇ ਤੇਰਾ ਪੁੱਤ ਤੈਨੂੰ ਸ਼ੈਕਲ (ਸਾਇਕਲ) ਤੇ ਲੈਣ ਆਉ ਘਰ ਨੂੰ ,ਨਾਲੇ ਇਹ ਰੱਤਾ ਸੂਟ ਰਾਣੋ ਨੂੰ ਕਹੀ ਸਵਾਂ ਕੇ ਪਾਵੇ,ਮੈਂ ਹੱਥੀ ਛਿੰਦੀ ਬੂਟੀ ਨਾਲ ਕੱਢਿਆ ਇਹ' ਬੇਬੇ ਨੇ ਇੰਝ ਘੂਰਿਆ ਜਿਵੇਂ ਪਤਾ ਨਹੀਂ ਕੀ ਕਹਿਰ ਹੋ ਗਿਆ, ਸੂਟ ਪਰ੍ਹੇ ਵਗਾਹ ਮਾਰਦੀ ਬੁੜ ਬੁੜ ਕਰਨ ਲੱਗੀ ' ਨੀ ਰਹਿਣ ਦੇ ,ਰੱਖ ਤੂੰ ਅਪਣਾ ਖੱਫਣ ਆਪਦੇ ਕੋਲ,ਮੇਰੀ ਮੀਤੋ ਨੂੰ ਦੇਣ ਨੂੰ ਬਥੇਰਾ ਕੁੱਝ ਹੈਗਾ ਮੇਰੇ ਕੋ਼ਲ,ਆਪਣਾ ਵੇਖ਼ ਔਂਤਰੀ ਨੰਗ ਲਾਣੇ ਦੀ, ਨੀ ਕਿੱਧਰ ਗਏ ਤੇਰੇ ਵੱਡੇ ਹੇਜੀ,ਕਦੀ ਵੱਤੀ ਨਹੀਂ ਵਾਹੀ ,ਏਨਾ ਕਹਿ ਬੇਬੇ ਬਾਰ ਵਿਚੋਂ ਬਾਹਰ ਨਿਕਲ ਗਈ ਮੀਤੋ ਨੇ ਦੋ ਮੁੱਕੀਆਂ ਪੂਰੇ ਜ਼ੋਰ ਨਾਲ ਆਪਣੇ ਢਿੱਡ ਚ ਮਾਰੀਆਂ ਤੇ ਨਾਲ ਦੇ ਜੰਮੇ ਨੂੰ ਕੋਸਦੀ ਅੰਦਰ ਵੜ ਲੰਮੀ ਪੈ ਗਈ,ਇਕ ਵੀਰ ਓਹ ਹੈ ਜਿਹੜਾ ਰੱਬ ਕੋਲ ਜਾਂਦਾ ਰਿਹਾ ,ਉਹ ਆ ਨਹੀਂ ਸਕਦਾ , ਇਕ ਵੀਰ ਓਹ ਹੈ ਜਿਸਨੂੰ ਘਰ ਦੇ ਉਲਝਾ ਤੇ ਕੰਮਕਾਰ ਕਰਕੇ ਲੱਗਦਾ ਮੀਤੋ ਯਾਦ ਨਹੀਂ ਰਹੀ ਹੋਣੀ,ਚਲ ਓਹ ਜਾਣੇ, ਕੀ ਹੋਜੂ ਇਸ ਸੰਧਾਰੇ ਨਾਲ,ਨਾਲੇ ਬੇਬੇ ਦਾ ਕੀ ਹੈ ਇਹ ਤਾਂ ਉੱਤੋਂ ਉੱਤੋਂ ਬੋਲਦੀ ਹੈ ,ਮੇਰਾ ਤਾਂ ਮੁੜ੍ਹਕਾ ਨਹੀਂ ਸਹਿੰਦੀ, ਬਸ ਸੱਚ ਨੂੰ ਝੂਠ ਮੰਨ ਰੋਟੀ ਦਾ ਆਹਰ ਕਰਦੀ ਮੀਤੋ ਅੰਦਰੋ ਕਿੰਨੀ ਕੋ ਵਾਰ ਬੂਹੇ ਵੱਲ ਦੇਖ ਰਹੀ ਸੀ ਤੇ ਭੁਲੇਖਾ ਲੱਗਦਾ ਕਿ ਵੀਰ ਸਿਰ ਉਤੇ ਪੀਪਾ ਰੱਖ ਆ ਰਿਹਾ ਸੰਧਾਰਾ ਦੇਣ ,ਫੇਰ ਝੌਲਾ ਪੈਂਦਾ , ਚਾਚੀ ਬਚਨੀ ਨੂੰ ਆਉਂਦੀ ਦੇਖ ਚੁੰਨੀ ਦੇ ਪੱਲੇ ਨਾਲ ਅੱਖਾਂ ਪੂੰਝਦੀ ਮੀਤੋ ਅੱਖ ਚ ਕਣ ਪੈਣ ਦਾ ਬਹਾਨਾ ਲਗਾ ਰੱਜ ਕੇ ਰੋਈ , ਦਿਲ ਵੀ ਹੌ਼ਲਾ ਹੋ ਗਿਆ , ਪਰ ਮਲਮਲ ਦੀ ਚੁੰਨੀ ਵਿੱਚੋ ਹੁਣ ਵੀ ਵਾਰ ਵਾਰ ਬੂਹੇ ਵੱਲ ਵੇਖ ਹਾਉਕੇ ਲੈ ਰਹੀ ਸੀ ।

ਮਨਪ੍ਰੀਤ ਕੌਰ ਸੰਧੂ ( ਮੁੰਬਈ )



# ਮਾਘੀ

ਆਓ ਸਾਥੀਓ ਮਾਘੀ ਦੀ ਸਾਂਝ ਪਾਈਏ
ਮਾਈ ਭਾਗੋ ਦੀ ਤੁਹਾਨੂੰ ਗੱਲ ਸੁਣਾਈਏ।

ਨਿੱਤ ਦੀਆਂ ਜੰਗਾਂ ਤੋਂ ਸਿੰਘ ਤੰਗ ਆ ਗਏ
ਭੁੱਖੇ ਨਾ ਲੜ ਹੁੰਦਾ ਕਹਿ ਗੱਲ ਮੁਕਾ ਗਏ॥

ਭਾਈ ਮਹਾ ਸਿੰਘ ਨੇ ਬੇਦਾਵਾ ਲਿਖ ਗੁਰੂ ਸਾਹਿਬ ਨੂੰ ਫੜਾਇਆ
ਸਣੇ ਸਾਥੀਆਂ ਸ੍ਰੀ ਆਨੰਦਪੁਰ ਸਾਹਿਬ ਤੋਂ ਪੰਧ ਮੁਕਾਇਆ।

ਘਰ ਅੱਪੜੇ ਜਦ ਮਾਈ ਭਾਗੋ ਨੇ ਸਾਹਮਣੇ ਆਣ ਝੰਜੋੜਿਆ
ਮਾਈ ਨੇ ਵੰਗਾਰ ਚੂੜੀਆਂ ਸਿੰਘਾਂ ਨੂੰ ਵਿੱਚ ਰਣ ਮੋੜਿਆਂ॥

ਸਿੰਘਾਂ ਮੁੜ ਖਿਦਰਾਣੇ ਦੀ ਢਾਬ ਮੋਰਚੇ ਜਾ ਗੱਡੇ
ਮੁਗਲ ਵੈਰੀਆਂ ਨੂੰ ਕਾਲ ਬਣ ਮੌਤ ਦੇ ਤੋਹਫੇ ਵੰਡੇ।

ਅੰਤ ਨੂੰ ਸਿੰਘਾਂ ਨੇ ਵਿੱਚ ਮੈਦਾਨੇ ਸ਼ਹਾਦਤ ਪਾ ਲਈ
ਪੱਲੇ ਪਈ ਸੀ ਬਦਨਾਮੀ ਰੱਤ ਆਪਣੇ ਨਾਲ ਹਟਾ ਲਈ॥

ਦਸਮ ਪਾਤਸ਼ਾਹ ਨੇ ਪਾੜ ਬੇਦਾਵਾ ਸੀ ਮੁਕਤ ਕਰਾਇਆ
ਮੁਕਤਿਆਂ ਦੀ ਕੁਰਬਾਨੀ ਤੋਂ ਸ੍ਰੀ ਮੁਕਤਸਰ ਸਾਹਿਬ ਅਖਵਾਇਆ॥

**ਸੁਰਿੰਦਰਪਾਲ ਸਿੰਘ**
**ਐਮ.ਐਸ.ਸੀ (ਗਣਿਤ)**
**ਐਮ.ਏ (ਅੰਗ੍ਰੇਜੀ )**
**ਐਮ.ਏ (ਪੰਜਾਬੀ)**
**ਐਮ. ਏ( ਧਾਰਮਿਕ ਸਿੱਖਿਆ)**
**ਕਿੱਤਾ ਅਧਿਆਪਨ।**
**ਸ੍ਰੀ ਅੰਮ੍ਰਿਤਸਰ ਸਾਹਿਬ।**



## ਧੰਨ ਧੰਨ ਨਾਭ ਕੰਵਲ ਸ੍ਰੀ ਰਾਜਾ ਸਾਹਿਬ ਜੀ ਨੂੰ ਸਮਰਪਿਤ ਕੰਗ ਜਗੀਰ ਵਿਖੇ ਖੂਨਦਾਨ ਕੈਂਪ ਅੱਜ

**ਫਿਲੌਰ/ਅੱਪਰਾ (ਦੀਪਾ)**-ਧੰਨ ਧੰਨ ਨਾਭ ਕੰਵਲ ਸ੍ਰੀ ਰਾਜਾ ਸਾਹਿਬ ਜੀ ਨੂੰ ਸਮਰਪਿਤ ਖੂਨਦਾਨ ਕੈਂਪ ਕਰੀਬੀ ਪਿੰਡ ਕੰਗ ਜਗੀਰ ਵਿਖੇ ਸਥਿਤ ਗੁਰਦੁਆਰਾ ਭਾਈ ਬਾਲਾ ਜੀ ਵਿਖੇ ਅੱਜ ਮਿਤੀ 14 ਜਨਵਰੀ ਦਿਨ ਮੰਗਲਵਾਰ ਨੂੰ ਰਾਜਾ ਸਾਹਿਬ ਬਲੱਡ ਗਰੁੱਪ ਵਲੋਂ ਸ਼ਹੀਦ ਭਗਤ ਸਿੰਘ ਬਲੱਡ ਬੈਂਕ ਨਵਾਂਸ਼ਹਿਰ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ ਫ ਇਸ ਮੌਕੇ ਜਾਣਕਾਰੀ ਦਿੰਦਿਆਂ ਸਮੂਹ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਮੌਕੇ ਸਵੈ ਇਛੁੱਕ ਖੂਨਦਾਨੀ ਖੂਨਦਾਨ ਕਰ ਸਕਦੇ ਹਨ ।

# ਕੁੜੀਆਂ ਦੀ ਲੋਹੜੀ ਮਨਾਉਣੀ ਕਿੰਨੀ ਕੁ ਲਾਭਵੰਦ



ਕੁੜੀਆਂ ਦੀ ਲੋਹੜੀ ਮਨਾਉਣ ਨਾਲ ਇਹ ਤਾਂ ਜਰੂਰ ਜਾਹਿਰ ਹੁੰਦਾ ਹੈ ਕਿ ਅਸੀਂ ਕੁੜੀਆਂ ਨੂੰ ਮੁੰਡਿਆਂ ਦੇ ਬਰਾਬਰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ। ਪਰ ਇਸ ਦਾ ਕੁੜੀਆਂ ਨੂੰ ਕੋਈ ਖਾਸ ਫਾਇਦਾ ਨਹੀਂ ਹੋਣਾ। ਜੇਕਰ ਅਸੀਂ ਕੁੜੀਆਂ ਨੂੰ ਉਹਨਾਂ ਦੇ ਅਧਿਕਾਰ ਦੇਣਾ ਚਾਹੁੰਦੇ ਹਾਂ ਉਹਨਾਂ ਨੂੰ ਬਰਾਬਰ ਦੀਆਂ ਮਨੁੱਖ ਸਮਝਦੇ ਹਾਂ ਤਾਂ ਹੋਰ ਬਹੁਤ ਕੁਝ ਕਰਨਾ ਜਰੂਰੀ ਹੈ।

ਬਹੁਤ ਜਰੂਰੀ ਹੈ ਕਿ ਕੁੜੀਆਂ ਨੂੰ ਸਿੱਖਿਆ ਦਾ ਅਧਿਕਾਰ ਦਿੱਤਾ ਜਾਵੇ। ਉਨਾਂ ਦੇ ਪੜ੍ਹਨ ਤੇ ਕਿਸੇ ਕਿਸਮ ਦੀ ਰੋਕ ਟੋਕ ਨਾ ਹੋਵੇ। ਉਨਾਂ ਨੂੰ ਕਿੱਤਾ ਮੁਖੀ ਸਿੱਖਿਆ ਦਿੱਤੀ ਜਾਵੇ ਤਾਂ ਜੋ ਉਹ ਆਪਣੇ ਪੈਰਾਂ ਤੇ ਖੜੀਆਂ ਹੋ ਸਕਣ। ਉਨਾਂ ਨੂੰ ਵਿੱਤੀ ਆਜਾਦੀ ਦਾ ਮਤਲਬ ਸਮਝਾਇਆ ਜਾਵੇ। ਉਹਨਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝਾ ਦਿੱਤੀ ਜਾਵੇ ਕਿ ਆਪਣੇ ਪੈਰਾਂ ਤੇ ਆਪ ਖੜੇ ਹੋਣ ਨਾਲ ਹੀ ਆਜ਼ਾਦੀ ਸੰਭਵ ਹੈ।

ਕੁੜੀਆਂ ਨੂੰ ਮਾਨਸਿਕ ਤੌਰ ਤੇ ਮਜ਼ਬੂਤ ਬਣਾਇਆ ਜਾਵੇ। ਸਮਾਜ ਨੇ ਜਿਸ ਸਾਂਚੇ ਵਿੱਚ ਔਰਤ ਨੂੰ ਫਿੱਟ ਕੀਤਾ ਹੈ ਉਹ ਸਾਂਝੇ ਨੂੰ ਤੋੜ ਦਿੱਤਾ ਜਾਵੇ। ਕੁੜੀਆਂ ਨੂੰ ਇਹ ਦੱਸਿਆ ਜਾਵੇ ਕਿ ਕਿਸੇ ਵੀ ਰਿਸ਼ਤੇ ਜਿਸ ਵਿੱਚ ਉਹ ਅਣਸੁਖਾਵੀਆਂ ਹਨ ਉਸ ਰਿਸ਼ਤੇ ਨੂੰ ਛੱਡ ਦੇਣ ਵਿੱਚ ਕੋਈ ਬੁਰਾਈ ਨਹੀਂ ਹੈ। ਉਹਨਾਂ ਨੂੰ ਇਹ ਦੱਸਿਆ ਜਾਵੇ ਕਿ ਕੋਈ ਵੀ ਰਿਸ਼ਤਾ ਜ਼ਿੰਦਗੀ ਤੋਂ ਵੱਡਾ ਨਹੀਂ ਹੁੰਦਾ। ਜਿਹੜੀ ਇੱਕ ਗੱਲ ਹੈ ਕਿ ਇਥੋਂ ਤੇਰੀ ਡੋਲੀ ਗਈ ਤੇ ਉਥੋਂ ਤੇਰੀ ਅਰਥੀ ਜਾਵੇ ਇਹ ਖਤਮ ਕਰ ਦਿੱਤੀ ਜਾਵੇ। ਜੇਕਰ ਕੁੜੀ ਆਪਣੇ ਘਰ ਵਿੱਚ ਤੰਗ ਹੈ ਤਾਂ ਉਸ ਨੂੰ ਮਾਂ ਪਿਓ ਦਾ ਘਰ ਹਮੇਸ਼ਾ ਖੁੱਲਾ ਮਿਲੇ ਜਿੱਥੇ ਉਹ ਮੁੜ ਸਕੇ।

ਇਸ ਸਭ ਲਈ ਬਹੁਤ ਜਰੂਰੀ ਹੈ ਕਿ ਕੁੜੀਆਂ ਨੂੰ ਮਾਤਾ ਪਿਤਾ ਦੀ ਜਾਇਦ-ਾਦ ਵਿੱਚ ਬਰਾਬਰ ਦੀ ਹਿੱਸੇਦਾਰੀ ਦਿੱਤੀ ਜਾਵੇ। ਸਿਰਫ ਕਾਨੂੰਨ ਬਣਨ ਨਾਲ ਕੁਝ ਨਹੀਂ ਹੁੰਦਾ। ਇਹਨਾਂ ਕਾਨੂੰਨਾਂ ਨੂੰ ਲਾਗੂ ਵੀ ਕਰਨਾ ਪਵੇਗਾ। ਚਾਣਕਿਆ ਕਹਿੰਦਾ ਹੈ ਕਿ ਪੁੱਤਰ ਤੇ ਪੁੱਤਰੀ ਪਿਤਾ ਦੀ ਆਤਮਾ ਦੇ ਦੋ ਹਿੱਸੇ ਹਨ ਤੇ ਉਹ ਪਿਤਾ ਦੀ ਜਾਇਦਾਦ ਦੇ ਬਰਾਬਰ ਦੇ ਹੱਕਦਾਰ ਹਨ। ਇੱਕ ਵਾਕ ਜੋ ਅਕਸਰ ਵਰਤਿਆ ਜਾਂਦਾ ਹੈ ਕਿ ਜੋ ਧੀਆਂ ਹੱਕ ਲੈ ਲੈਂਦੀਆਂ ਹਨ ਉਹਨਾਂ ਨੂੰ ਪਿਆਰ ਨਹੀਂ ਮਿਲਦਾ ਇਸ ਨੂੰ ਸਮਾਜਿਕ ਤੌਰ ਤੇ ਖਤਮ ਕਰ ਦਿੱਤਾ ਜਾਵੇ। ਜੇ ਕਿਸੇ ਕੁੜੀ ਕੋਲ ਪਿਤਾ ਦੀ ਜਾਇਦਾਦ ਵਿੱਚ ਹੱਕ ਹੋਵੇਗਾ ਉਸ ਨੂੰ ਪਤਾ ਹੋਵੇਗਾ ਕਿ ਹੈ ਪਿੱਛੇ ਜਿਸ ਘਰ ਵਿੱਚ ਉਹ ਮੁੜ ਸਕਦੀ ਹੈ। ਉਸਨੂੰ ਇਹ ਪਤਾ ਹੋਵੇ ਕਿ ਉਹ ਆਰਥਿਕ ਤੌਰ ਤੇ ਮਜਬੂਤ ਹੈ ਤਾਂ ਉਹ ਇੱਕ ਅਣਸੁਖਾਵੀਂ ਜ਼ਿੰਦਗੀ ਤੋਂ ਬਚ ਸਕਦੀ ਹੈ।

ਬਹੁਤ ਜਰੂਰੀ ਹੈ ਕਿ ਕੁੜੀਆਂ ਨੂੰ ਸਮਾਜ ਵਿੱਚ ਆਪਣੀ ਇੱਜ਼ਤ ਰੱਖਣ ਲਈ ਕੁਰਬਾਨ ਨਾ ਕੀਤਾ ਜਾਵੇ। ਲੋਕ ਕੀ ਕਹਿਣਗੇ ਇਹ ਵਾਕ ਸਿਰਫ ਕੁੜੀਆਂ ਲਈ ਨਹੀਂ ਹੈ ਤੇ ਨਾ ਹੀ ਹੋਣਾ ਚਾਹੀਦਾ ਹੈ। ਸਾਨੂੰ ਧੀਆਂ ਨੂੰ ਪੁੱਤਾਂ ਦੇ ਬਰਾਬਰ ਬਣਾਉਣ ਦੀ ਜ਼ਰੂਰਤ ਨਹੀਂ ਹੈ ਸਾਨੂੰ ਦੋਹਾਂ ਨੂੰ ਔਲਾਦ ਸਮਝਣ ਦੀ ਜਰੂਰਤ ਹੈ। ਔਲਾਦ ਜੋ ਮਾਂ ਪਿਓ ਲਈ ਇੱਕੋ ਜਿਹੀ ਹੁੰਦੀ ਹੈ।

ਸਭ ਤੋਂ ਵੱਡੀ ਜਰੂਰਤ ਹੈ ਕੁੜੀਆਂ ਨੂੰ ਸਮਾਜਿਕ ਸੁਰੱਖਿਆ ਪ੍ਰਦਾਨ ਕਰਨ ਦੀ। ਇੱਕ ਅਜਿਹਾ ਮਾਹੌਲ ਜਿਸ ਵਿੱਚ ਉਹ ਸੁਰੱਖਿਤ ਮਹਿਸੂਸ ਕਰਨ। ਘਰੋਂ ਬਾਹਰ ਨਿਕਲਣ ਵੇਲੇ ਉਹਨਾਂ ਨੂੰ ਇਹ ਨਾ ਕਹਿਣਾ ਪਵੇ ਕਿ ਛੋਟੇ ਭਰਾ ਨੂੰ ਨਾਲ ਲੈ ਜਾਵੀਂ। ਆਪਣੇ ਮੁੰਡਿਆਂ ਨੂੰ ਅਜਿਹੀ ਸਿੱਖਿਆ ਦਈਏ ਘਰ ਤੋਂ ਬਾਹਰ ਹਰ ਕੁੜੀ ਦੀ ਇੱਜ਼ਤ ਕਰਨਾ ਤੁਹਾਡਾ ਫਰਜ਼ ਹੈ। ਮੁੰਡਿਆਂ ਨੂੰ ਇਹ ਸਮਝਾਇਆ ਜਾਵੇ ਕਿ ਨਾਂਹ ਦਾ ਮਤਲਬ ਨਾਂਹ ਹੀ ਹੈ।

ਬਲਾਤਕਾਰ ਦੀ ਘਟਨਾ ਤੋਂ ਬਾਅਦ ਕੁੜੀ ਲਈ ਇਹ ਸ਼ਬਦ ਇਸਤੇਮਾਲ ਨਾ ਕੀਤਾ ਜਾਵੇ ਕਿ ਉਸਦੀ ਇੱਜ਼ਤ ਲੁੱਟੀ ਗਈ। ਇੱਜ਼ਤ ਉਸ ਦੀ ਲੁੱਟੀ ਜਾਣੀ ਚਾਹੀਦੀ ਹੈ ਜਿਸਨੇ ਇਹ ਕਾਰਨਾਮਾ ਕੀਤਾ। ਅਕਸਰ ਵੇਖਿਆ ਜਾਂਦਾ ਹੈ ਕਿ ਕੁੜੀਆਂ ਅਜਿਹੇ ਹਾਦਸੇ ਤੋਂ ਬਾਅਦ ਘੁੱਟ ਘੁੱਟ ਕੇ ਜਿਉਂਦੀਆਂ ਹਨ ਤੇ ਮੁੰਡੇ ਕੁਝ ਕੁ ਸਾਲਾਂ ਦੇ ਸਜ਼ਾ ਕੱਟ ਕੇ ਫਿਰ ਵਿਆਹ ਕਰਵਾ ਕੇ ਵਧੀਆ ਜ਼ਿੰਦਗੀ ਬਿਤਾਉਂਦੇ ਹਨ। ਸਾਨੂੰ ਆਪਣੇ ਕਾਨੂੰਨ ਸਖਤ ਕਰਨੇ ਪੈਣਗੇ ਤੇ ਉਨਾਂ ਦਾ ਸਖਤੀ ਨਾਲ ਪਾਲਣ ਵੀ ਕਰਨਾ ਪਵੇਗਾ।

ਸਾਨੂੰ ਲੋੜ ਹੈ ਆਪਣੀ ਮਾਨਸਿਕਤਾ ਨੂੰ ਬਦਲਣ ਦੀ। ਸਿਰਫ ਲੋਹੜੀਆਂ ਮਨਾਉਣ ਨਾਲ ਕੁਝ ਨਹੀਂ ਹੋਣਾ। ਇਹਨਾਂ ਸਭ ਰਸਮਾਂ ਤੇ ਦਿਖਾਵਿਆਂ ਤੋਂ ਬਾਹਰ ਨਿਕਲ ਕੇ ਆਪਣੀਆਂ ਕੁੜੀਆਂ ਨੂੰ ਮਾਨਸਿਕ ਤੌਰ ਤੇ ਮਜਬੂਤ ਬਣਾ ਕੇ ਉਹਨਾਂ ਨੂੰ ਬਰਾਬਰ ਦਾ ਦਰਜਾ ਦੇਣਾ ਜਰੂਰੀ ਹੈ। ਅਸੀਂ ਕੀ ਕਰ ਰਹੇ ਹਾਂ ਕਿ ਸਿਰਫ ਕੁਝ ਕੁ ਰਸਮਾਂ ਕਰਕੇ ਆਪਣੇ ਆਪ ਨੂੰ ਇਹ ਸਾਬਤ ਕਰਦੇ ਹਾਂ ਕਿ ਸਾਡੇ ਲਈ ਲੜਕਾ ਤੇ ਲੜਕੀ ਬਰਾਬਰ ਹਨ। ਜੇਕਰ ਤੁਹਾਨੂੰ ਲੱਗਦਾ ਹੈ ਕਿ ਕੁੜੀਆਂ ਦੀ ਲੋਹੜੀ ਮਨਾ ਕੇ ਤੁਸੀਂ ਚੰਗਾ ਕਰ ਰਹੇ ਹੋ ਤਾਂ ਜਰੂਰ ਕਰੋ ਪਰ ਉਸ ਦੇ ਨਾਲ ਹੀ ਆਪਣੀ ਮਾਨਸਿਕਤਾ ਨੂੰ ਬਦਲੋ ਤੇ ਆਪਣੀਆਂ ਕੁੜੀਆਂ ਨੂੰ ਮਾਨਸਿਕ ਮਜਬੂਤੀ ਦਿਓ।

ਅਸੀਂ ਉਸ ਸਮਾਜ ਵਿੱਚ ਰਹਿ ਰਹੇ ਹਾਂ ਜਿੱਥੇ ਇੱਕ ਡਾਕਟਰ ਲੜਕੀ ਵੀ ਸੁਰੱਖਿਤ ਨਹੀਂ ਹੈ। ਪਿਛਲੇ ਕੁਝ ਸਮੇਂ ਦੌਰਾਨ ਹੋਏ ਬਲਾਤਕਾਰ ਦੇ ਕੇਸ ਯਾਦ ਕਰੋ ਤਾਂ ਤੁਹਾਨੂੰ ਸਮਝ ਆ ਜਾਵੇਗਾ ਕਿ ਸਾਡੇ ਸਮਾਜ ਵਿੱਚ ਕੁੜੀਆਂ ਦੀ ਕੀ ਹਾਲਤ ਹੈ। ਬਹੁਤ ਜਰੂਰੀ ਹੈ ਕਿ ਅਸੀਂ ਸਿਰ ਜੋੜ ਬੈਠੀਏ ਤੇ ਇਸ ਸਮੱਸਿਆ ਦਾ ਹੱਲ ਕੱਢੀਏ। ਇਹ ਹੱਲ ਅਸੀਂ ਹੀ ਕਰਨਾ ਹੈ ਤੇ ਸਾਨੂੰ ਕਰਨਾ ਚਾਹੀਦਾ ਹੈ। ਇਸ ਸਮੇਂ ਦੀ ਜ਼ਰੂਰਤ ਵੀ ਹੈ ਤੇ ਲੋੜੀਂਦਾ ਵੀ ਹੈ।



**ਹਰਪ੍ਰੀਤ ਕੌਰ ਸੰਧੂ**

# 40 ਮੁਕਤਿਆਂ ਦੀ ਧਰਤੀ ਮੁਕਤਸਰ

ਪੰਜਾਬ ਦੀ ਇਸ ਪਵਿੱਤਰ ਧਰਤੀ ਤੇ ਉਂਝ ਤਾਂ ਕਈ ਮੇਲੇ ਲੱਗਦੇ ਹਨ ਜਿਵੇਂ ਵਿਸਾਖੀ ਦਾ ਮੇਲਾ, ਛਪਾਰ ਦਾ ਮੇਲਾ, ਪੈਗੰਬਰਾਂ ਦੇ ਮੇਲੇ, ਜਰਗ ਦਾ ਮੇਲਾ, ਸ਼ਹੀਦੀ ਮੇਲੇ, ਸੋਡਲ ਦਾ ਮੇਲਾ ਅਤੇ ਹੋਰ ਅਨੇਕਾਂ ਛੋਟੇ-ਵੱਡੇ ਮੇਲੇ ਲੱਗਦੇ ਹਨ । ਪਰ ਇਹਨਾਂ ਮੇਲਿਆਂ ਵਿੱਚੋਂ ਸਿਰ ਕੱਢਵਾਂ ਤੇ ਧਾਰਮਿਕ ਪੱਖੋਂ ਅਹਿਮ ਮੇਲਾ ਹੈ, ਮੇਲਾ ਮਾਘੀ ਮੁਕਤਸਰ ਦਾ । ਮੁਕਤਸਰ ਦਾ ਮੇਲਾ ਮਾਲਵੇ ਦੇ ਹੀ ਨਹੀਂ ਸਗੋਂ ਪੰਜਾਬ ਦੇ ਵੱਡੇ ਮੇਲਿਆਂ ਵਿੱਚੋਂ ਇੱਕ ਗਿਣਿਆ ਜਾਂਦਾ ਹੈ । ਮਾਘ ਦੀ ਸੰਗਰਾਂਦ ਵਾਲੇ ਦਿਨ 40 ਸਿੰਘਾਂ ਦੀ ਯਾਦ ਵਿੱਚ ਹਰ ਸਾਲ ਵਿਸ਼ਾਲ ਜੋੜ-ਮੇਲਾ ਭਰਦਾ ਹੈ ।

ਦਸਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਸੰਨ 1704 ਈਸਵੀ ਵਿੱਚ ਅਨੰਦਪੁਰ ਸਾਹਿਬ ਵਿੱਚ ਕਿਲ੍ਹਾ ਅਨੰਦਗੜ੍ਹ ਵਿਖੇ ਮੁਗ਼ਲ ਫ਼ੌਜਾਂ ਨਾਲ ਯੁੱਧ ਲੜ ਰਹੇ ਸਨ । ਦੁਸ਼ਮਣ ਦੀਆਂ ਫ਼ੌਜਾਂ ਨੇ ਚਾਰੇ ਪਾਸੇ ਘੇਰਾ ਪਾ ਲਿਆ ਅਤੇ ਬਾਹਰੋਂ ਰਸਦ-ਪਾਣੀ ਅੰਦਰ ਨਾ ਜਾਣ ਦਿੱਤਾ, ਕਿਉਂਕਿ ਉਹਨਾਂ ਨੂੰ ਉਮੀਦ ਸੀ ਕਿ ਭੁੱਖ ਨਾਲ ਮਰਦੇ ਸਿੰਘ ਲੜਾਈ ਨਹੀਂ ਲੜ ਸਕਣਗੇ ਅਤੇ ਬਾਹਰ ਆ ਜਾਣਗੇ । ਜਦੋਂ ਲੰਮਾ ਸਮਾਂ ਕਿਲ੍ਹੇ ਨੂੰ ਘੇਰਾ ਪਿਆ ਤਾਂ ਭੁੱਖ ਤੋਂ ਤੰਗ ਆਏ ਸਿੰਘਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਜੰਗ ਨਹੀਂ ਲੜ ਸਕਦੇ ਅਤੇ ਉਹ ਘਰਾਂ ਨੂੰ ਜਾਣਾ ਚਾਹੁੰਦੇ ਹਨ । ਗੁਰੂ ਸਾਹਿਬ ਨੇ ਸਿੰਘਾਂ ਨੂੰ ਹੌਸਲਾ ਦਿੰਦੇ ਹੋਏ ਕਿਹਾ ਕਿ ਕੁਝ ਦਿਨਾਂ ਦੀ ਗੱਲ ਹੈ । ਪਰ ਸਿੰਘਾਂ ਨੇ ਉੱਤਰ ਦਿੱਤਾ, "ਅਸੀਂ ਲੜਦੇ ਹੋਏ ਸ਼ਹੀਦ ਹੋ ਸਕਦੇ ਹਾਂ ਪਰ ਭੁੱਖੇ ਮਰਨ ਲਈ ਤਿਆਰ ਨਹੀਂ ।" ਸਿੰਘ ਜਦ ਆਪਣੀ ਜ਼ਿੱਦ ਤੇ ਅੜੇ ਰਹੇ ਤਾਂ ਗੁਰੂ ਜੀ ਨੇ ਕਿਹਾ ਕਿ ਜੇਕਰ ਤੁਸੀਂ ਜਾਣਾ ਹੈ ਤਾਂ ਜਾਓ ਪਰ ਇਹ ਲਿਖ ਕੇ ਦੇ ਜਾਓ ਕਿ ਗੁਰੂ ਗੋਬਿੰਦ ਸਿੰਘ ਸਾਡਾ ਗੁਰੂ ਨਹੀਂ ਅਤੇ ਅਸੀਂ ਉਸ ਦੇ ਸਿੱਖ ਨਹੀਂ । ਭੁੱਖ ਦੀ ਮਾਰ ਕਰਕੇ ਜਥੇਦਾਰ ਮਹਾਂ ਸਿੰਘ ਦੀ ਜਥੇਦਾਰ ਹੇਠ 45 ਸਿੰਘ ਗੁਰੂ ਜੀ ਨੂੰ ਬੇਦਾਵਾ "ਅਸੀਂ ਤੁਹਾਡੇ ਸਿੱਖ ਨਹੀਂ, ਤੁਸੀਂ ਸਾਡੇ ਗੁਰੂ ਨਹੀਂ" ਲਿਖ ਕੇ ਦੇ ਕੇ ਅਨੰਦਪੁਰ ਕਿਲ੍ਹੇ ਨੂੰ ਛੱਡ ਗਏ। ਜਿਨ੍ਹਾਂ ਵਿੱਚੋਂ ਪੰਜ ਸਿੰਘ ਕਿਲ੍ਹਾ ਛੱਡਣ ਵੇਲੇ ਹੀ ਸ਼ਹੀਦ ਹੋ ਗਏ। ਬਾਕੀ 40 ਸਿੰਘ ਆਪਣੇ ਘਰਾਂ ਨੂੰ ਵਾਪਸ ਆ ਗਏ ।

ਗੁਰੂ ਜੀ ਨੇ ਮੁਗ਼ਲਾਂ ਦੇ ਵਿਸ਼ਵਾਸ ਦੇਣ ਤੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਦਿੱਤਾ ਹੈ ਕਿ ਸਾਰੀ ਫ਼ੌਜ ਵਾਪਸ ਚਲੀ ਜਾਵੇਗੀ ਪਰ ਇਹ ਉਹਨਾਂ ਦੀ ਇੱਕ ਚਾਲ ਸੀ। ਗੁਰੂ ਜੀ ਸਰਸਾ ਨਦੀ ਪਾਰ ਕਰਕੇ ਚਮਕੌਰ ਸਾਹਿਬ ਪੁੱਜੇ । ਇਸ ਸਮੇਂ ਦੌਰਾਨ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਜੋ ਗੰਗੂ ਰਸੋਈਏ ਨਾਲ ਸਨ, ਗੁਰੂ ਸਾਹਿਬ ਤੋਂ ਵਿੱਛੜ ਗਏ । ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਗੁਰੂ ਸਾਹਿਬ ਦੇ ਨਾਲ ਸਨ । ਮੁਗ਼ਲ ਫ਼ੌਜ ਪਿੱਛਾ ਕਰਦੀ ਆ ਰਹੀ ਸੀ । ਚਮਕੌਰ ਸਾਹਿਬ ਵਿਖੇ ਭਾਰੀ ਯੁੱਧ ਹੋਇਆ ਜਿੱਥੇ ਦੋਵੇਂ ਵੱਡੇ ਸਾਹਿਬਜ਼ਾਦੇ ਜੰਗ ਵਿੱਚ ਸ਼ਹੀਦ ਹੋ ਗਏ, ਜਦਕਿ ਦੋਨੋਂ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਜੀ ਨੂੰ ਸਰਹਿੰਦ ਦੇ ਸੂਬੇਦਾਰ ਨੇ ਨੀਹਾਂ ਵਿੱਚ ਚਿਣਵਾ ਦਿੱਤਾ ।

ਗੁਰੂ ਗੋਬਿੰਦ ਸਿੰਘ ਜੀ ਪੰਜ ਪਿਆਰਿਆਂ ਦਾ ਹੁਕਮ ਮੰਨ ਕੇ ਚਮਕੌਰ ਦੀ ਗੜ੍ਹੀ ਵਿੱਚੋਂ ਨਿਕਲ ਕੇ ਮਾਛੀਵਾੜਾ, ਰਾਏਕੋਟ, ਦੀਨਾ ਕਾਂਗੜ, ਭਾਈ ਭਗਤਾ, ਵਾਂਦਰ, ਬਰਗਾੜੀ, ਸਰਾਵਾਂ, ਜੈਤੋ, ਮਲੂਕਾ ਆਦਿ ਪਿੰਡਾਂ ਵਿੱਚੋਂ ਹੁੰਦੇ ਹੋਏ ਕੋਟਕਪੂਰੇ ਪੁੱਜੇ ਤਾਂ ਰਸਤੇ ਵਿੱਚ ਉਹਨਾਂ ਨੂੰ ਖ਼ਬਰ ਮਿਲੀ ਕਿ ਮੁਗ਼ਲ ਫ਼ੌਜਾਂ (ਕੁਝ ਇਤਿਹਾਸਕਾਰਾਂ ਨੇ ਸ਼ਾਹੀ ਫੌਜਾਂ ਲਿਖਿਆ ਹੈ) ਉਹਨਾਂ ਦਾ ਪਿੱਛਾ ਕਰਦੀਆਂ ਆ ਰਹੀਆਂ ਹਨ। ਗੁਰੂ ਜੀ ਨੇ ਰਸਤੇ ਵਿੱਚ ਹੀ ਟੱਕਰ ਲੈਣ ਦਾ ਮਨ ਬਣਾ ਲਿਆ । ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਕਮਰਕੱਸੇ ਕੱਸ ਲੈਣ ਲਈ ਕਿਹਾ ਤੇ ਕੋਟਕਪੂਰੇ ਦੇ ਚੌਧਰੀ ਨਵਾਬ ਕਪੂਰ ਸਿੰਘ ਤੋਂ ਕਿਲ੍ਹਾ ਮੰਗਿਆ । ਚੌਧਰੀ ਨੇ ਗੁਰੂ ਜੀ ਦੀ ਬਹੁਤ ਸੇਵਾ ਤੇ ਸਤਿਕਾਰ ਕੀਤਾ ਪਰ ਕਿਲ੍ਹਾ ਦੇਣ ਤੋਂ ਸਾਫ਼ ਨਾਂਹ ਕਰ ਦਿੱਤੀ ਕਿਉਂਕਿ ਉਹ (ਕਪੂਰ ਸਿੰਘ) ਮੁਗ਼ਲ ਹਾਕਮਾਂ ਤੋਂ ਡਰਦਾ ਸੀ । ਗੁਰੂ ਸਾਹਿਬ ਨੇ ਉਸ ਦੀ ਕਮਜ਼ੋਰੀ ਦੇਖ ਕੇ ਸੁਭਾਵਿਕ ਹੀ ਕਹਿ ਦਿੱਤਾ, "ਕਪੂਰ ਸਿੰਘ ! ਅਸੀਂ ਤੈਨੂੰ ਤੁਰੰਤ ਹੀ ਰਾਜ ਦੇਣਾ ਚਾਹੁੰਦੇ ਸੀ ਪਰ ਹੁਣ ਤੂੰ ਤੁਰਕਾਂ ਤੋਂ ਡਰ ਗਿਆ ਹੈਂ । ਇਸ ਲਈ ਉਹਨਾਂ ਦੇ ਹੱਥੋਂ ਹੀ ਤਸੀਹੇ ਝੱਲ ਕੇ ਤੇਰੀ ਮੌਤ



ਹੋਵੇਗੀ ।" ਇਹ ਬਚਨ ਕਰਕੇ ਗੁਰੂ ਸਾਹਿਬ ਉਥੋਂ ਸਿੱਖ ਯੋਧਿਆਂ ਸਮੇਤ ਖਿਦਰਾਣੇ ਦੀ ਢਾਬ ਵੱਲ ਚੱਲ ਪਏ । ਗੁਰੂ ਜੀ ਨੇ ਉੱਚੇ ਟਿੱਬੇ ਤੇ ਜਾ ਡੇਰੇ ਲਾਏ, ਜਿੱਥੇ ਗੁਰਦੁਆਰਾ ਟਿੱਬੀ ਸਾਹਿਬ ਸਥਿਤ ਹੈ। ਇੱਥੇ ਗੁਰੂ ਜੀ ਨਾਲ ਮਾਲਵੇ ਦੇ ਕਾਫ਼ੀ ਸਿੰਘ ਵੀ ਸਨ ਅਤੇ ਸਿੰਘਾਂ ਨੇ ਇੱਕ ਨੀਵੀਂ ਥਾਂ ਤੇ ਜਿੱਥੇ ਛੱਪੜ ਸੀ, ਉੱਥੇ ਜਾ ਡੇਰੇ ਲਾ ਲਏ । ਮੁਗ਼ਲ ਫ਼ੌਜਾਂ ਗੁਰੂ ਜੀ ਦਾ ਪਿੱਛਾ ਕਰਦੀਆਂ ਕੋਟਕਪੂਰੇ ਪਹੁੰਚ ਗਈਆਂ । ਸ਼ਾਹੀ ਫ਼ੌਜਾਂ ਨੇ ਸੂਬਾ ਸਰਹਿੰਦ ਦੇ ਚੌਧਰੀ ਕਪੂਰ ਸਿੰਘ ਨੂੰ ਨਾਲ ਲੈ ਲਿਆ ਤੇ ਖਿਦਰਾਣੇ ਦੀ ਢਾਬ ਵੱਲ ਕੂਚ ਕੀਤਾ ।

ਦੂਜੇ ਪਾਸੇ ਅਨੰਦਪੁਰ ਸਾਹਿਬ ਤੋਂ ਬੇਦਾਵਾ ਦੇਣ ਵਾਲੇ ਸਿੰਘ ਜਦ ਘਰਾਂ ਨੂੰ ਚਲੇ ਗਏ ਅਤੇ ਘਰ ਜਾ ਕੇ ਸਾਰਾ ਹਾਲ ਸੁਣਾਇਆ ਤਾਂ ਉਹਨਾਂ ਦੀਆਂ ਪਤਨੀਆਂ, ਭੈਣਾਂ, ਮਾਵਾਂ ਤੇ ਰਿਸ਼ਤੇਦਾਰ ਨੇ ਬਹੁਤ ਤਾਅਨੇ-ਮਿਹਣੇ ਮਾਰ ਕੇ ਕਿਹਾ ਕਿ ਤੁਸੀਂ ਗੁਰੂ ਜੀ ਨੂੰ ਛੱਡ ਕੇ ਚੰਗਾ ਕੰਮ ਨਹੀਂ ਕੀਤਾ । ਤੁਸੀਂ ਗੁਰੂ ਜੀ ਤੋਂ ਬੇਮੁਖ ਹੋ ਕੇ ਆਏ ਹੋ । ਤੁਸੀਂ ਘਰਾਂ ਵਿੱਚ ਘੱਗਰੇ ਤੇ ਵੰਗਾਂ( ਚੂੜੀਆਂ) ਪਾ ਕੇ ਬੈਠੋ, ਅਸੀਂ ਜੰਗ ਲੜਨ ਜਾਂਦੀਆਂ ਹਾਂ।

ਮਾਈ ਭਾਗੋ ਜੋ ਸੂਰਬੀਰ ਤੇ ਦਲੇਰ ਔਰਤ ਸੀ, ਉਸ ਦੀ ਪ੍ਰੇਰਨਾ ਨਾਲ ਇਹ 40 ਸਿੰਘ ਸ਼ਮੀਰ ਸਿੰਘ, ਸਰਜਾ ਸਿੰਘ, ਸੁਹੇਲ ਸਿੰਘ, ਸੁਲਤਾਨ ਸਿੰਘ, ਸੋਭਾ ਸਿੰਘ, ਸੰਤ ਸਿੰਘ, ਹਰਸਾ ਸਿੰਘ, ਗੰਗਾ ਸਿੰਘ, ਹਰੀ ਸਿੰਘ, ਕਰਨ ਸਿੰਘ, ਕਰਮ ਸਿੰਘ, ਕਾਲਾ ਸਿੰਘ, ਕੀਰਤੀ ਸਿੰਘ, ਕਿਰਪਾਲ ਸਿੰਘ, ਖੁਸ਼ਾਲ ਸਿੰਘ, ਗੁਲਾਬ ਸਿੰਘ, ਗੰਗਾ ਸਿੰਘ, ਗੰਡਾ ਸਿੰਘ, ਘਰਬਾਰਾ ਸਿੰਘ, ਚੰਬਾ ਸਿੰਘ, ਜਾਦੋ ਸਿੰਘ, ਜੋਗਾ ਸਿੰਘ, ਜੰਗ ਸਿੰਘ, ਦਿਆਲ ਸਿੰਘ, ਦਰਬਾਰਾ ਸਿੰਘ, ਦਿਲਬਾਗ ਸਿੰਘ, ਧਰਮ ਸਿੰਘ, ਧੰਨਾ ਸਿੰਘ, ਨਿਹਾਲ ਸਿੰਘ, ਨਿਧਾਨ ਸਿੰਘ, ਬੂੜ ਸਿੰਘ, ਭਾਗ ਸਿੰਘ, ਭੋਲਾ ਸਿੰਘ, ਭੰਗਾ ਸਿੰਘ, ਮਹਾਂ ਸਿੰਘ, ਮੱਜਾ ਸਿੰਘ, ਮਾਨ ਸਿੰਘ, ਮੈਯਾ ਸਿੰਘ, ਰਾਇ ਸਿੰਘ, ਲਛਮਣ ਸਿੰਘ (ਮਹਾਨ ਕੋਸ਼ ਚੌਥੀ ਵਾਰ 1981, ਪੰਨਾ 981) ਗੁਰੂ ਜੀ ਦੀ ਭਾਲ ਕਰਦੇ ਹੋਏ ਖਿਦਰਾਣੇ ਦੀ ਢਾਬ 'ਤੇ ਪਹੁੰਚੇ । ਉਹਨਾਂ ਆਪਣੀ ਗਿਣਤੀ ਜ਼ਿਆਦਾ ਦਿਖਾਉਣ ਲਈ ਝਾੜੀਆਂ ਅਤੇ ਬੂਟੀਆਂ ਦੇ ਉੱਪਰ ਆਪਣੇ ਚਾਦਰੇ, ਪਰਨੇ ਅਤੇ ਹੋਰ ਕੱਪੜੇ ਪਾ ਕੇ ਤੰਬੂਆਂ ਦੀ ਸ਼ਕਲ ਵਿੱਚ ਬਦਲ ਦਿੱਤਾ। 40 ਸਿੰਘ ਮੁਗ਼ਲ ਫ਼ੌਜਾਂ ਨਾਲ ਡੱਟ ਕੇ ਲੜੇ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਟਿੱਬੀ ਸਾਹਿਬ ਤੇ ਬੈਠੇ ਤੀਰਾਂ ਨਾਲ ਦੁਸ਼ਮਣਾਂ ਦੇ ਸੀਨੇ ਚੀਰ ਰਹੇ ਸਨ। ਆਖਿਰ ਸ਼ਾਹੀ ਫ਼ੌਜਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਤੇ ਉਹ ਵਾਪਸ ਕੋਟਕਪੂਰਾ ਵੱਲ ਭੱਜ ਗਏ । ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਅਸਥਾਨ 'ਤੇ ਆਪਣੇ ਜੀਵਨ ਦੀ ਅੰਤਿਮ ਲੜਾਈ ਲੜੀ ਅਤੇ ਜਿੱਤ ਪ੍ਰਾਪਤ ਕੀਤੀ।

ਯੁੱਧ ਖਤਮ ਹੋਣ ਤੋਂ ਬਾਅਦ ਗੁਰੂ ਜੀ ਲੜਾਈ ਦੇ ਮੈਦਾਨ ਵਿੱਚ ਪਹੁੰਚੇ, 39 ਸਿੰਘ ਸ਼ਹੀਦ ਹੋ ਚੁੱਕੇ ਸਨ । ਜਦੋਂ ਗੁਰੂ ਜੀ ਸਹਿਕ ਰਹੇ ਇੱਕ ਸਿੱਖ ਭਾਈ ਮਹਾਂ ਸਿੰਘ ਕੋਲ ਪਹੁੰਚੇ ਤਾਂ ਉਸ ਨੂੰ ਆਪਣੀ ਗੋਦੀ ਵਿੱਚ ਬਿਠਾਇਆ ਤੇ ਕੱਪੜੇ ਨਾਲ ਉਸ ਦਾ ਚਿਹਰਾ ਸਾਫ਼ ਕੀਤਾ । ਗੁਰੂ ਜੀ ਨੇ ਉਸ ਦੀ ਆਖਰੀ ਇੱਛਾ ਪੁੱਛੀ ਤੇ ਕਿਹਾ, "ਭਾਈ ਮਹਾਂ ਸਿੰਘ ! ਤੁਸੀਂ ਮਹਾਨ ਕੁਰਬਾਨੀ ਕੀਤੀ ਹੈ, ਮੰਗ ਲੈ ਜੋ ਮੰਗੇਂਗਾ, ਉਹ ਜ਼ਰੂਰ ਮਿਲੇਗਾ ।

ਤਬ ਲੌ ਇਕ ਸਿਖ ਸਹਿਤ ਪਾਯੋ ।
ਕਹਯੋ ਗੁਰੂ ਮਾਂਗੋ ਮਨ ਭਾਯੋ ।
(ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ, ਪੰਨਾ 311)

ਸਿਸਕੀਆਂ ਭਰਦਿਆਂ ਭਾਈ ਮਹਾਂ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ ਜੇ ਤਰੁੱਠੇ ਹੋ ਤਾਂ ਅਨੰਦਪੁਰ ਸਾਹਿਬ ਵਿਖੇ ਜੰਗ ਸਮੇਂ ਅਸੀਂ 40 ਸਿੰਘ ਜੋ ਬੇਦਾਵਾ ਲਿਖ ਕੇ ਦੇ ਆਏ ਸੀ, ਉਹ ਫਾੜ ਦਿਓ ਅਤੇ ਸਾਡੀ ਟੁੱਟੀ ਗੰਢ ਦਿਓ । ਗੁਰੂ ਜੀ ਨੇ ਆਪਣੇ ਕਮਰੇਕੱਸੇ ਵਿੱਚੋਂ ਬੇਦਾਵਾ ਕੱਢ ਕੇ ਭਾਈ ਮਹਾਂ ਸਿੰਘ ਦੇ ਸਾਹਮਣੇ ਫਾੜ ਕੇ ਭਾਈ ਮਹਾਂ ਸਿੰਘ ਤੇ ਸ਼ਹੀਦ ਹੋਏ ਸਿੰਘਾਂ ਨਾਲ ਟੁੱਟੀ ਗੰਢ ਦਿੱਤੀ ।

ਸਿੱਖੀ ਹਿਤ ਜਿਨ ਰਾਜਨ ਚਾਹਯੋ ।
ਸਿਦਕ ਔਰ ਉਪਕਾਰ ਨਿਬਾਹਯੋ ।
ਜੇਬ ਬੀਚ ਤੈ ਤਬੈ ਨਿਕਾਰਯੋ ।
ਕਾਗਜ ਸਨਮੁਖ ਤਾ ਕੇ ਫਾਰਯੋ ।
ਗੁਰੂ ਤੇ ਵਲੀ ਗੁਰੂ ਕੇ ਸਿਖ ਹੈ ' ।
ਯਹਿ ਗੁਰੂ ਕਹਯੋ ਲਏ ਹਮ ਪਿਖ ਹੈਂ ।
ਤੂਟੀ ਸਿੱਖੀ ਫੇਰ ਮਿਲਾਈ ।
ਪਰਉਪਕਾਰ ਕਰਯੋ ਬਹੁਤਾਈ ।
(ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ, ਪੰਨਾ 311)

ਗੁਰੂ ਜੀ ਨੇ ਫ਼ਰਮਾਇਆ ਕਿ ਇਹ ਥਾਂ ਹੁਣ ਖਿਦਰਾਣਾ ਨਹੀਂ ਸਗੋਂ ਮੁਕਤੀ ਦਾ ਅਸਥਾਨ ਹੈ ।

ਮੁਕਤਯੋਂ ਕਾ ਪਦ ਉਨਕੋ ਦੀਨਾ ।
ਖਿਦਰਾਣੇ ਕੋ ਮੁਕਤਸਰ ਕੀਨਾ ।
(ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ, ਪੰਨਾ 312)

ਖਿਦਰਾਣੇ ਦੀ ਢਾਬ ਤੇ ਸ਼ਹੀਦਾਂ ਦਾ ਸਸਕਾਰ ਕਰਕੇ ਉਹਨਾਂ ਨੂੰ 'ਮੁਕਤੇ' ਦੀ ਉੱਚ ਪਦਵੀ ਬਖ਼ਸ਼ੀ । ਗੁਰੂ ਜੀ ਨੇ ਸ਼ਹੀਦ ਹੋਏ ਸਿੰਘਾਂ ਨੂੰ ਪੰਜ ਹਜ਼ਾਰੀ, ਦਸ ਹਜ਼ਾਰੀ ਅਤੇ ਹੋਰ ਵੱਡੇ-ਵੱਡੇ ਖ਼ਿਤਾਬ ਬਖਸ਼ੇ । ਇਹਨਾਂ 40 ਮੁਕਤਿਆਂ ਨੂੰ ਅਸੀਂ ਰੋਜ਼ਾਨਾ ਸਵੇਰੇ-ਸ਼ਾਮ ਅਰਦਾਸ ਕਰਨ ਸਮੇਂ ਯਾਦ ਕਰਦੇ ਹਾਂ । ਪਹਿਲਾਂ-ਪਹਿਲ ਇਸ ਨੂੰ ਮੁਕਤਸਰ ਕਿਹਾ ਜਾਂਦਾ ਸੀ ਪਰ ਹੁਣ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਸਰਕਾਰ ਨੇ ਇਸ ਸ਼ਹਿਰ ਦਾ ਨਾਂ 'ਮੁਕਤਸਰ' ਤੋਂ ਬਦਲ ਕੇ 'ਸ੍ਰੀ ਮੁਕਤਸਰ ਸਾਹਿਬ' ਰੱਖ ਦਿੱਤਾ ਹੈ । ਗੁਰਦੁਆਰਾ ਟੁੱਟੀ ਗੰਢੀ ਸਾਹਿਬ ਦੇ ਨਾਲ ਹੀ ਇੱਕ ਵਣ ਦਾ ਦਰਖ਼ਤ ਹੈ, ਜਿਸ ਨਾਲ ਗੁਰੂ ਸਾਹਿਬ ਨੇ ਆਪਣੇ ਘੋੜਾ ਬੰਨ੍ਹਿਆ ਸੀ, ਜੋ ਅੱਜ ਵੀ ਉਸੇ ਤਰ੍ਹਾਂ ਹੀ ਹਰਾ-ਭਰਾ ਹੈ ।

ਮਾਘੀ ਦਾ ਮੇਲਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 14 ਜਨਵਰੀ ਦਿਨ ਮੰਗਲਵਾਰ ਨੂੰ ਬੜੇ ਪ੍ਰੇਮ, ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਮਾਘੀ ਦੇ ਮੇਲੇ ਦੀ ਸ਼ਾਨ ਮਨਮੋਹਨ ਅਤੇ ਸ਼ਾਨਦਾਰ ਚੰਡੋਲ, ਅੰਬਰਾਂ ਨੂੰ ਛੂੰਹਦੇ ਉੱਚੀਆਂ ਨਜ਼ਰਾਂ ਨਾਲ ਵੇਖਣ ਨੂੰ ਮਿਲਦੇ ਹਨ। ਨੌਜਵਾਨ, ਬੱਚੇ, ਬਜ਼ੁਰਗ, ਔਰਤਾਂ ਪੂਰੇ ਜੋਸ਼ ਤੇ ਉਤਸ਼ਾਹ ਨਾਲ ਮੇਲੇ ਵਿੱਚ ਸ਼ਾਮਲ ਹੋ ਕੇ ਅਨੰਦ ਮਾਣਦੇ ਹਨ । ਇਸ ਮੌਕੇ ਰਾਗੀ, ਢਾਡੀ, ਪ੍ਰਚਾਰਕ, ਗੁਣੀ-ਗਿਆਨੀ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਵਿੱਚ ਅੰਮ੍ਰਿਤ ਮਈ ਬਾਣੀ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕਰਦੇ ਹਨ। ਗੁਰੂ ਕਾ ਲੰਗਰ ਅਤੁੱਟ ਵਰਤਦਾ ਹੈ । ਮਾਘੀ ਦੇ ਸ਼ੁੱਭ ਦਿਹਾੜੇ 'ਤੇ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਸ਼੍ਰੀ ਮੁਕਤਸਰ ਸਾਹਿਬ ਪਹੁੰਚ ਕੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਦੀਆਂ ਹਨ ਤੇ 40 ਮੁਕਤਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੀਆਂ ਹਨ । ਸ਼ਹਿਰ ਵਿੱਚ ਰਾਜਸੀ ਅਤੇ ਧਾਰਮਿਕ ਜਥੇਬੰਦੀਆਂ ਵੱਲੋਂ ਆਈਆਂ ਸੰਗਤਾਂ ਲਈ ਚਾਹ, ਜਲ, ਗੁਰੂ ਕਾ ਲੰਗਰ, ਬਰੈਡ ਪਕੌੜਿਆਂ ਦੇ ਲੰਗਰ ਲਗਾਏ ਜਾਂਦੇ ਹਨ ।

**ਕਰਨੈਲ ਸਿੰਘ ਐੱਮ.ਏ.**
# 1138/63- ਏ, ਗੁਰੂ ਤੇਗ਼ ਬਹਾਦਰ ਨਗਰ ,
ਗਲੀ ਨੰਬਰ 1, ਚੰਡੀਗੜ੍ਹ ਰੋਡ,
ਜਮਾਲਪੁਰ, ਲੁਧਿਆਣਾ।
Emial :-karnialisnghma@gmial.com

# ਸਾਹਿਤ ਸਮਾਜ

14/01/2025

# ਮੇਰਾ ਘੁਮਿਆਰਾ (ਭਾਗ 9)



ਜਿਵੇਂ ਪਿੰਡਾਂ ਵਿੱਚ ਆਪਸੀ ਸਹਿਚਾਰ ਹੁੰਦਾ ਹੈ। ਭਰੱਪਾ ਅਤੇ ਅਪਣੱਤ ਹੁੰਦੀ ਹੈ। ਭਾਈਚਾਰਕ ਏਕਤਾ ਹੁੰਦੀ ਹੈ। ਭਾਵੇਂ ਮੇਰੇ ਪਿੰਡ ਘੁਮਿਆਰਾ ਵਿੱਚ ਵੱਖ ਵੱਖ ਜਾਤਾਂ ਗੋਤਾਂ ਧਰਮਾਂ ਦੇ ਲੋਕ ਰਹਿੰਦੇ ਸਨ। ਪ੍ਰੰਤੂ ਅਸੀਂ ਆਪਸ ਵਿੱਚ ਰਿਸ਼ਤਿਆਂ ਬਣਾਏ ਹੋਏ ਸਨ। ਚਾਚੇ, ਤਾਏ, ਬਾਬੇ ਤੇ ਬਾਈ। ਇੰਜ ਹੀ ਇਹ ਰਿਸ਼ਤੇ ਪਿੰਡ ਦੀਆਂ ਔਰਤਾਂ ਵੱਡੀ ਉਮਰ ਦੀਆਂ ਬੁੜੀਆਂ ਤੇ ਕੁੜੀਆਂ ਨਾਲ ਸਨ ਜਿਵੇਂ ਬਜ਼ੁਰਗ ਔਰਤ ਅੰਬੋ, ਕੋਈ ਤਾਈ, ਕੋਈ ਚਾਚੀ, ਭਾਬੀ, ਭੂਆਂ ਤੇ ਭੈਣੇ। ਬਹੁਤੀਆਂ ਔਰਤਾਂ ਮੇਰੀ ਮਾਂ ਦੀਆਂ ਸਹੇਲੀਆਂ ਵੀ ਹੁੰਦੀਆਂ ਸਨ। ਦਾਦਾ ਜੀ ਪਾਪਾ ਜੀ ਅਤੇ ਮੇਰੀ ਮਾਂ ਦੇ ਬਣਾਏ ਰਿਸ਼ਤਿਆਂ ਨੂੰ ਅਸੀਂ ਅੱਗੇ ਵਰਤਦੇ। ਅੰਬੋ ਬੌਣੀ ਜਿਸ ਦਾ ਪੂਰਾ  ਨਾਮ ਹਰ ਕੁਰ ਸੀ ਅੰਬੋ ਹਰਨਾਮ ਕੁਰ ਅਤੇ ਜਿੰਨਾ ਦੇ ਨਾਮ ਨਹੀਂ ਸੀ ਜਾਣਦੇ ਉਹ ਸਿਰਫ ਅੰਬੋ ਹੁੰਦੀ ਸੀ। ਕੁਝ ਰਿਸ਼ਤੇ ਤੋਂ ਵੱਡੀ ਜਗ੍ਹਾ ਲੱਗਦੀਆਂ ਔਰਤਾਂ ਨੂੰ ਆਪਣੇ ਪਾਪਾ ਜੀ ਦੀ ਰੀਸ ਨਾਲ ਚਾਚੀ ਆਖਦੇ। ਸਾਡੇ ਗੁਆਂਢ ਵਿੱਚ ਰਹਿੰਦੀ ਚਾਚੀ ਜਸ ਕੁਰ ਅਤੇ ਚਾਚੀ ਨਿੱਕੋ। ਉਂਜ ਅਸੀ ਚਾਚੇ ਜਗਰ  ਦੇ ਘਰ ਵਾਲੀ ਨੂੰ ਵੀ ਚਾਚੀ ਆਖਦੇ ਕਿਉਂਕਿ ਪਾਪਾ ਜੀ ਹੁਰੀ ਵੀ ਉਸਨੂੰ ਚਾਚੀ ਆਖਦੇ ਸਨ। ਵੈਸੇ ਸਾਡੇ ਘਰ ਨਾਲ ਤਾਏ ਚਤਰੇ ਦੀ ਕੰਧ ਲੱਗਦੀ ਸੀ ਇਸ ਲਈ ਤਾਈ ਸੁਰਜੀਤ ਕੁਰ ਨਾਲ ਮੇਰਾ ਵਾਹਵਾ ਮੋਂਹ ਸੀ। ਤਾਈ ਕੋਡੋ ਵੀ ਸਾਡੇ ਘਰ ਦੇ ਨੇੜੇ ਰਹਿੰਦੀ ਸੀ। ਉਹ ਮਜ਼ਾਕੀਆ ਸੀ ਤੇ ਮੈਨੂੰ ਚਾਚੀ ਆਖਣ ਲਈ ਮਜਬੂਰ ਕਰਦੀ। ਮੇਰੇ ਦਾਦੇ ਕੇ ਘਰ ਦੇ ਨੇੜੇ ਰਹਿੰਦੀ ਤਾਈ ਹਰਨਾਮ ਕੁਰ ਦਾ ਸੁਭਾਅ ਲੋਕਾਂ ਭਾਣੇ ਬਹੁਤ ਸਖਤ ਸੀ ਪ੍ਰੰਤੂ ਮੈਨੂੰ ਪੁੱਤ ਪੁੱਤ ਕਰਦੀ। ਇਹ ਤਾਏ ਭਾਗ ਸਿੰਘ ਦਾ ਦੂਜਾ ਵਿਆਹ ਹੋਇਆ ਸੀ ਫਿਰ ਵੀ ਤਾਈ ਕਦੇ ਮਾਂ ਨਾ ਬਣ ਸਕੀ। ਮੈਂ ਤਾਈ ਕੇ ਵੱਡੇ ਸਾਰੇ ਦਰਵਾਜ਼ੇ ਵਿੱਚ ਹੀ ਖੇਡਕੇ ਵੱਡਾ ਹੋਇਆ ਸੀ ਤਾਈ ਬਹੁਤ ਮੋਂਹ ਕਰਦੀ।    ਇਹੁਨਾਂ ਘਰਾਂ ਨਾਲ ਸਾਡੀ ਲੱਸੀ ਦੀ ਸਾਂਝ ਹੁੰਦੀ ਸੀ। ਜਦੋਂ ਸਾਡੇ ਘਰੇ ਕੋਈਂ ਲਵੇਰੀ ਨਾ ਹੁੰਦੀ ਤਾਂ ਲੱਸੀ ਵਾਲੇ ਘਰ ਡੋਲੂ ਲੈ ਕੇ ਪਹੁੰਚ ਜਾਂਦੇ ਸੀ। ਤਾਈ ਧੰਨੋ ਕੇ ਘਰ ਦੀ ਸਾਨੂੰ ਪਿੱਠ ਲੱਗਦੀ ਸੀ। ਤਾਈ ਧੰਨੋ ਕੀ ਬੈਠਕ ਵਿੱਚ ਦਰੀਆਂ ਬੁਣਨ ਦਾ ਅੱਡਾ ਲੱਗਿਆ ਹੀ ਰਹਿੰਦਾ। ਕੋਈਂ ਨਾ ਕੋਈਂ ਕੁੜੀ ਕਤਰੀ ਵੀਹੜੀ ਤੇ ਦਰੀ ਬਣਾਉਂਦੀ ਰਹਿੰਦੀ। ਕਈ ਵਾਰੀ ਮੈਂ ਵੀ ਤਾਈ ਦੇ ਬਰਾਬਰ ਬੈਠਕੇ ਦਰੀ ਬੁਣਦਾ। ਕੋਲ੍ਹ ਬੈਠੀਆਂ ਕੁੜੀਆਂ ਹੱਸਦੀਆਂ।  ਗੁਣੀਏ ਦੀ ਮਾਂ ਨੂੰ ਅਸੀਂ ਚਾਚੀ ਖੰਡ ਵਾਲੀ ਆਖਦੇ ਸੀ। ਕਿਉਂਕਿ ਉਹ ਵੇਲੇ ਕੁਵੇਲੇ ਸਾਡੇ ਘਰੋਂ ਖੰਡ ਦੀ ਕੌਲੀ ਉਧਾਰੀ ਲੈਣ ਆਉਂਦੀ। ਉਦੋਂ ਖੰਡ ਦੀ ਕਿੱਲਤ ਹੁੰਦੀ ਸੀ। ਅੰਮਾ ਕੌੜੀ ਵੀ ਹੁੰਦੀ ਸੀ ਮੇਰੇ ਬੇਲੀ ਗੁਰਦੇਵ ਦੀ ਮਾਂ। ਕਈ ਘਰਾਂ ਨਾਲ ਸਾਡੀ ਦਾਲ ਕੌਲੀ ਦੀ ਸਾਂਝ ਹੁੰਦੀ ਸੀ। ਕਈ ਵਾਰੀ ਕੋਈਂ ਨਾ ਕੋਈਂ ਬਿਨਾਂ ਝਿਜਕੇ ਆਚਾਰ ਲੈਣ ਵੀ ਆ ਜਾਂਦਾ। ਕਈ ਘਰ ਤਾਂ ਅੱਗ ਲੈਣ ਆਉਂਦੇ। ਉਹ ਚੁੱਲ੍ਹੇ ਤੋਂ ਧੁੱਖਦੀ ਹੋਈ ਪਾਥੀ ਲੈ ਜਾਂਦੇ। ਮਾਚਿਸ ਘੱਟ ਹੀ ਵਰਤਦੇ ਸਨ ਉਹ।

ਪਿੰਡ ਵਿੱਚ ਰਹਿੰਦੇ ਬਾਬੇ ਤਾਰੀ ਦੇ ਘਰੋਂ  ਦੁਰਗਾ ਨੂੰ ਅਸੀਂ ਚਾਚੀ ਦੁਰਗਾ ਆਖਦੇ ਅਤੇ ਇਸੇ ਤਰ੍ਹਾਂ ਪਿੰਡ ਵਿੱਚ ਹੀ ਮੇਰੇ ਦਾਦੇ ਦੀ ਭੂਆ ਰਹਿੰਦੀ ਸੀ ਜਿਸਨੂੰ ਸਾਰੇ ਭੂਆ ਬਿਸ਼ਨੀ ਆਖਦੇ ਸਨ। ਉਂਜ ਪਿੰਡ ਰਹਿੰਦੀ ਬੀਬੀ  ਮੇਰੀ ਮਾਂ ਦੀ ਧਰਮ ਭੈਣ ਬਣੀ ਹੋਈ ਸੀ। ਮੇਰੀ ਮਾਂ ਨੇ ਤੇ ਉਸਨੇ ਚੁੰਨੀਆਂ ਵਟਾਈਆਂ ਸਨ। ਬੀਬੀ ਪਿੰਡ ਘੁਮਿਆਰੇ ਦੀ ਹੀ ਧੀ ਸੀ। ਉਹ ਸੁਭਾਅ ਦੀ ਬਹੁਤ ਨਿੱਘੀ ਸੀ। ਭਾਵੇਂ ਸਾਡੇ ਮਾਸੜ ਜਗਰ ਬਾਗੜੀਏ ਨੂੰ ਲੋਕ ਗਰਮ ਕਹਿੰਦੇ ਸਨ। ਪਰ ਉਹ ਮਾਸੀ ਮੂਹਰੇ ਬੋਲਦਾ ਨਹੀਂ ਸੀ।

ਵੱਡੇ ਘਰਾਂ ਵਾਲਾ ਨਰ ਸਿੰਘ ਜਿਸ ਨੂੰ ਨਰ ਸਿੰਹੁ ਬੋਣਾ ਆਖਦੇ ਸਨ ਉਹ ਸਕਤੇ  ਖੇੜੇ ਵਿਆਹਿਆ ਸੀ। ਉਹ ਅੰਬੋ ਮੇਰੀ ਮਾਂ ਨਾਲ ਪੇਕਿਆਂ ਵਾਲਾ ਮੋਂਹ ਕਰਦੀ ਕਿਉਂਕਿ ਮੇਰੀ ਮਾਂ ਦੇ  ਨਾਨਕੇ ਸਕਤੇ ਖੇੜੇ ਸਨ। ਉਸਦਾ ਭਰਾ ਜੋ ਪਿੰਡ ਸਕਤੇ ਖੇੜੇ ਦਾ ਸਰਪੰਚ ਸੀ ਮੇਰੀ ਮਾਂ ਦਾ ਪੇਕਿਆਂ ਵਾਲਾ ਮੋਂਹ ਕਰਦਾ ਸੀ। ਮੇਰੇ ਦੋਸਤ ਸਿੰਦਰ ਸਿੰਘ ਦੇ ਮਾਮੇ ਯੂਪੀ ਵਿੱਚ ਵਾਹੀ ਕਰਦੇ ਸਨ। ਉਹਨਾਂ ਕੋਲੋਂ ਓਥੇ ਚੰਗੀ ਜਮੀਨ ਸੀ। ਉਹ ਦੋਵੇਂ ਭਰਾ ਬਹੁਤ ਮੋਟੇ ਸਨ। ਉਹਨਾਂ ਦੇ ਵੱਡੇ ਵੱਡੇ ਢਿੱਡ ਸਨ। ਉਹ ਜਦੋਂ ਘੁਮਿਆਰੇ ਆਉਂਦੇ ਤਾਂ ਉਹ ਮੇਰੀ ਮਾਂ ਨੂੰ ਉਚੇਚਾ ਮਿਲਣ ਆਉਂਦੇ। ਆਪਣੀ ਛੋਟੀ ਭੈਣ ਸਮਝਦੇ ਤੇ ਜਾਂਦੇ ਹੋਏ ਮੇਰੀ ਤਾਈ (ਸਿੰਦਰ ਦੀ ਮਾਂ) ਦੀ ਤਰ੍ਹਾਂ ਦੋ ਰੁਪਏ ਸ਼ਗਨ ਜਰੂਰ ਦਿੰਦੇ। ਇਹ ਸਮਾਜਿਕ ਰਿਸ਼ਤੇ ਸਨ ਜੋ ਸ਼ਾਇਦ ਪਿੰਡ ਦਾ ਵਿਰਸਾ ਸੀ।

ਸਾਡੇ ਘਰ ਗੋਹਾ ਕੂੜਾ ਕਰਨ ਵਾਲੀ ਮਾਦਾ ਨੂੰ ਵੀ ਮੈਂ ਤਾਈ ਮਾਦਾ ਆਖਦਾ। ਉਸਦੀ ਨੂੰਹ ਨੂੰ ਮੈਂ ਭਾਬੀ ਆਖਦਾ ਸੀ। ਚੁਮਾਰਾਂ ਦੇ ਸੁਰਜੀਏ ਦੀ ਬਹੂ ਨੂੰ ਵੀ ਮੈਂ ਭਾਬੀ ਹੀ ਆਖਦਾ। ਕੁਝ ਦਿਨ ਪਿੰਡ ਦੀ ਹੀ ਬੀਬੀ ਨੇ ਸਾਡੇ ਘਰੇ ਗੋਹਾ ਕੂੜਾ ਕੀਤਾ। ਉਹਨਾਂ ਨੇ ਈਸਾਈ ਧਰਮ ਗ੍ਰਹਿਣ ਕੀਤਾ ਹੋਇਆ ਸੀ। ਮੈਂ ਉਸਨੂੰ ਬੀਬੀ ਭੂਆਂ ਕਹਿੰਦਾ।

ਮੇਰੀ ਹੀ ਉਮਰ ਦੀਆਂ ਕੁੜੀਆਂ ਜੋ ਮੇਰੇ ਨਾਲ ਖੇੜਦੀਆਂ ਪੜ੍ਹਦੀਆਂ ਲਈ ਅਸੀਂ ਬਹੁਤਾਂ ਭੈਣੇ ਲਫ਼ਜ਼ ਹੀ ਵਰਤਦੇ। ਮੁੰਡੇ ਕੁੜੀਆਂ ਵਾਲੀ ਕੋਈਂ ਗੱਲ ਨਹੀਂ ਸੀ। ਗੁਆਂਢੀਆਂ ਦੀ ਗੈਬੋ ਛੰਨੋ ਗੰਜੀ ਇਹ ਉਮਰ ਚ ਮੈਥੋਂ ਵੱਡੀਆਂ ਸਨ ਤੇ ਓਹਣਾਂ ਲਈ ਮੈਂ ਜੁਆਕ ਜਿਹਾ ਹੀ ਸੀ। ਮੈਨੂੰ ਓਹਨਾ ਤੋਂ ਡਰ ਲੱਗਦਾ ਸੀ। ਕਿਉਂਕਿ ਉਹਨਾਂ ਕੋਲ ਮੈਨੂੰ ਝਿੜਕਣ ਲੜ੍ਹਨ ਦਾ ਹੱਕ ਸੀ। ਇਸੇ ਤਰ੍ਹਾਂ ਲੂੰਗੜ, ਸੀਬੋ, ਜੀਤੋ, ਗੁੱਡੀ ਵਗੈਰਾ ਮੇਰੇ ਕੁ ਜਿੱਡੀਆਂ ਹੀ ਸਨ ਤੇ ਮੇਰੀ ਭੈਣ ਦੀਆਂ ਸਹੇਲੀਆਂ ਸਨ। ਅਸੀਂ ਆਪਸ ਵਿੱਚ ਲੜਦੇ, ਝਗੜਦੇ, ਰੁੱਸਦੇ ਤੇ ਫਿਰ ਇੱਕੋ ਜਿਹੇ ਹੋ ਜਾਂਦੇ। ਇਹ ਸਾਡੇ ਘਰ ਆਉਂਦੀਆਂ ਅਸੀਂ ਇਕੱਠੇ ਖੇਡਦੇ। ਤਾਈ ਸੁਰਜੀਤ ਕੁਰ ਘਰੇ ਖੱਡੀ ਚੱਲਦੀ ਰਹਿੰਦੀ ਤੇ ਮੈਂ ਵੀ ਖੇਸ ਬੁਣਨੇ ਸਿੱਖਣ ਦੀ ਕੋਸ਼ਿਸ਼ ਕਰਦਾ। ਸਾਡੇ ਘਰ ਦੇ ਪਿਛਲੇ ਪਾਸੇ ਤਾਏ ਮਾਤੂ ਕੇ ਚੁਬਾਰੇ ਵਿੱਚ ਕੁੜੀਆਂ ਬੁੜੀਆਂ ਇਕੱਠੀਆਂ ਹੋਕੇ ਚਰਖਾ ਕੱਤਦੀਆਂ, ਬੋਟੇ ਛਿੱਕੂ ਬਣਾਉਂਦੀਆਂ, ਮੰਜੇ ਖੜੇ ਕਰਕੇ ਨਾਲੇ ਬੁਣਦੀਆਂ, ਪੱਖੀਆਂ ਬੁਣਦੀਆਂ ਅਤੇ ਝੋਲੇ ਕੱਢਦੀਆਂ। ਇਹੁਨਾਂ ਦੇ ਇਕੱਠ ਨੂੰ ਹੀ ਸ਼ਾਇਦ ਤ੍ਰਿੰਜਣਾ ਕਿਹਾ ਜਾਂਦਾ ਹੈ। ਇਹੀ ਸਾਡਾ ਵਿਰਸਾ ਹੈ। ਅਸੀਂ ਰਿਸ਼ਤਿਆਂ ਬਿਨਾਂ ਰਹਿ ਨਹੀਂ ਸਕਦੇ। ਘੁਮਿਆਰਾ ਮੇਰੀ ਜਨਮ ਭੂਮੀ ਸੀ ਤੇ ਇਸਨੇ ਮੈਨੂੰ ਬਹੁਤ ਕੁਝ ਸਿਖਾਇਆ।



ਰਮੇਸ ਸੇਠੀ ਬਾਦਲ
ਮੋ 98 766 27 233

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook.
samajweekly

ਸਾਨੂੰ ਐਕਸ ਤੇ ਫੌਲੋ ਕਰੋ
@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com